


विद्यया ऽमृतमश्नुते
एन सी ई आर टी
NCERT
ਰਾਸ਼ਟਰੀ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ
NATIONAL COUNCIL OF EDUCATIONAL RESEARCH AND TRAINING

ਉਲਾਸ

ਪ੍ਰਵੇਸ਼ਿਕਾ

ਸੰਖੇਪ ਸੰਸਕਰਣ





ਪੜ੍ਹ-ਲਿਖ ਹੁਣ ਲੈਂਦੀ ਹਾਂ,
ਹਿਸਾਬ ਵੀ ਕਰ ਲੈਂਦੀ ਹਾਂ।
ਕੰਪਿਊਟਰ ਵੀ ਕੋਈ ਸਿਖਾਏ,
ਤਾਂ ਜ਼ਿੰਦਗੀ ਅੱਗੇ ਵਧ ਜਾਏ।

ਰਾਸ਼ਟਰੀ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ
NATIONAL COUNCIL OF EDUCATIONAL RESEARCH AND TRAINING

ਨਵ ਭਾਰਤ ਸਾਖਰਤਾ ਪ੍ਰੋਗਰਾਮ

CELL FOR NATIONAL CENTRE FOR LITERACY
ਰਾਸ਼ਟਰੀ ਸਾਕਰਤਾ ਕੇਂਦਰ-ਪ੍ਰਕੋਸ਼ਠ



ਅੱਜ ਹੀ ਲਵੋ ਸਿੱਖਿਆ ਦਾ ਫ਼ੈਸਲਾ,
ਪਾਰ ਕਰੋ ਉਮਰ ਭਰ ਦਾ ਫ਼ਾਸਲਾ।

ਰਾਸ਼ਟਰੀ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ
NATIONAL COUNCIL OF EDUCATIONAL RESEARCH AND TRAINING

ਨਵ ਭਾਰਤ ਸਾਖਰਤਾ ਪ੍ਰੋਗਰਾਮ

CELL FOR NATIONAL CENTRE FOR LITERACY
ਰਾਸ਼ਟਰੀ ਸਾਕਰਤਾ ਕੇਂਦਰ-ਪ੍ਰਕੋਸ਼ਠ

ਉਲਾਸ

ਪ੍ਰਵੇਸ਼ਿਕਾ

ਸੰਖੇਪ ਸੰਸਕਰਣ



विद्यया ऽमृतमश्नुते

एन सी ई आर टी
NCERT

ਰਾਸ਼ਟਰੀ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ

NATIONAL COUNCIL OF EDUCATIONAL RESEARCH AND TRAINING


ਸਾਖਰ ਬਣ ਰਿਹਾ ਹਾਂ,
ਬਹੁਤ ਕੁੱਝ ਸਿੱਖ ਗਿਆ ਹਾਂ।
'ਡਿਜ਼ੀਟਲ ਪੇਮੈਂਟ' ਦਾ ਡਾਇਦਾ,
ਮੈਂ ਵੀ ਸਮਝ ਗਿਆ ਹਾਂ।
Paytm
विद्यया ऽमृतमश्नुते
एन सी ई आर टी
NCERT
राशटरी विंदिअक खेज अते सिखलाई प्रीशद
NATIONAL COUNCIL OF EDUCATIONAL RESEARCH AND TRAINING
नव भारत साखरता प्रोगराम
सा विद्या या विमुक्तये
CELL FOR NATIONAL CENTRE FOR LITERACY
राष्ट्रीय साक्षरता केंद्र-प्रकोष्ठ


ਪਾਓ ਜੀਵਨ ਵਿੱਚ ਸਿੱਖਿਆ,
ਪੂਰੀ ਕਰੋ ਹਰ ਇੱਛਾ।
विद्यया ऽमृतमश्नुते
एन सी ई आर टी
NCERT
राशटरी विंदिअक खेज अते सिखलाई प्रीशद
NATIONAL COUNCIL OF EDUCATIONAL RESEARCH AND TRAINING
नव भारत साखरता प्रोगराम
सा विद्या या विमुक्तये
CELL FOR NATIONAL CENTRE FOR LITERACY
राष्ट्रीय साक्षरता केंद्र-प्रकोष्ठ

ਮੁੱਖ ਬੰਧ

'ਨਵ ਭਾਰਤ ਸਾਖਰਤਾ ਪ੍ਰੋਗਰਾਮ' ਦਾ ਉਦੇਸ਼ 15 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਉਨ੍ਹਾਂ ਸਾਰੇ ਲੋਕਾਂ ਨੂੰ ਪੜ੍ਹਨ-ਲਿਖਣ ਦੇ ਮੌਕੇ ਪ੍ਰਦਾਨ ਕਰਨਾ ਹੈ ਜੋ ਕਿਸੇ ਕਾਰਨ ਕਰਕੇ ਸਾਖਰ ਨਹੀਂ ਹੋ ਸਕੇ। ਇਸ ਸੰਦਰਭ ਵਿੱਚ, ਰਾਸ਼ਟਰੀ ਸਿੱਖਿਆ ਨੀਤੀ 2020 ਦੀਆਂ ਸਿਫਾਰਸ਼ਾਂ ਨੂੰ ਲਾਗੂ ਕਰਨ ਲਈ, ਭਾਰਤ ਸਰਕਾਰ ਦੁਆਰਾ 1 ਅਪ੍ਰੈਲ, 2022 ਤੋਂ ਨਵ ਭਾਰਤ ਸਾਖਰਤਾ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਹੈ, ਜਿਸ ਵਿੱਚ ਬਾਲਗ ਸਿੱਖਿਆ ਦੇ ਸਾਰੇ ਪਹਿਲੂ ਸ਼ਾਮਲ ਹਨ। ਇਸ ਸਕੀਮ ਦਾ ਮੁੱਖ ਉਦੇਸ਼ ਬੁਨਿਆਦੀ ਸਾਖਰਤਾ ਅਤੇ ਅੰਕ ਗਿਆਨ, ਜੀਵਨ ਦੇ ਮਹੱਤਵਪੂਰਨ ਹੁਨਰ, ਕਿੱਤਾਮੁਖੀ ਹੁਨਰ, ਬੁਨਿਆਦੀ ਸਿੱਖਿਆ ਅਤੇ ਨਿਰੰਤਰ ਸਿੱਖਿਆ ਦਾ ਵਿਕਾਸ ਕਰਨਾ ਹੈ।

ਨਵ ਭਾਰਤ ਸਾਖਰਤਾ ਪ੍ਰੋਗਰਾਮ ਦੇ ਦਸਤਾਵੇਜ਼ ਵਿੱਚ ਦੱਸਿਆ ਗਿਆ ਹੈ ਕਿ 2011 ਦੀ ਮਰਦਮਸ਼ੁਮਾਰੀ ਦੇ ਅਨੁਸਾਰ ਦੇਸ ਵਿੱਚ 15 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਸਮੂਹ ਗ਼ੈਰ-ਸਾਖਰ ਵਿਅਕਤੀਆਂ ਦੀ ਕੁੱਲ ਸੰਖਿਆ 25.76 ਕਰੋੜ (ਪੁਰਸ਼ 9.08 ਕਰੋੜ, ਔਰਤਾਂ 16.68 ਕਰੋੜ) ਹੈ। 2009-10 ਤੋਂ 2017-18 ਦੌਰਾਨ ਸਾਖਰ ਭਾਰਤ ਪ੍ਰੋਗਰਾਮ ਦੇ ਤਹਿਤ ਪ੍ਰਮਾਣਿਤ 7.64 ਕਰੋੜ ਵਿਅਕਤੀਆਂ ਦੀ ਪ੍ਰਗਤੀ ਨੂੰ ਧਿਆਨ ਵਿੱਚ ਰੱਖਦੇ ਹੋਏ, ਇਹ ਅੰਦਾਜ਼ਾ ਲਗਾਇਆ ਗਿਆ ਹੈ ਕਿ ਭਾਰਤ ਵਿੱਚ ਲਗਭਗ 18.12 ਕਰੋੜ ਬਾਲਗ ਅਜੇ ਵੀ ਗ਼ੈਰ-ਸਾਖਰ ਹਨ। ਰਾਸ਼ਟਰੀ ਸਿੱਖਿਆ ਨੀਤੀ - 2020, ਸਾਲ 2030 ਤੱਕ 100% ਸਾਖਰਤਾ ਪ੍ਰਾਪਤ ਕਰਨ ਦਾ ਟੀਚਾ ਨਿਰਧਾਰਤ ਕਰਦੀ ਹੈ ਅਤੇ ਐਨ. ਸੀ. ਈ. ਆਰ. ਟੀ. ਦਿੱਲੀ ਵਿੱਚ ਇੱਕ ਰਾਸ਼ਟਰੀ ਸਾਖਰਤਾ ਕੇਂਦਰ ਸਥਾਪਤ ਕਰਨ ਦੀ ਸਿਫ਼ਾਰਸ਼ ਕਰਦੀ ਹੈ। ਇਸ ਟੀਚੇ ਦੀ ਪ੍ਰਾਪਤੀ ਲਈ ਰਾਸ਼ਟਰੀ ਅਤੇ ਰਾਜ ਪੱਧਰ 'ਤੇ ਕਈ ਯਤਨ ਲਗਾਤਾਰ ਜਾਰੀ ਹਨ।

ਸਿਖਿਆਰਥੀ ਆਪਣੇ ਜੀਵਨ ਦੇ ਵੱਖ-ਵੱਖ ਸੰਦਰਭਾਂ ਵਿੱਚ ਆਪਣੀ ਭਾਸ਼ਾ ਜਾਂ ਭਾਸ਼ਾਵਾਂ ਦੀ ਜ਼ਬਾਨੀ ਵਰਤੋਂ ਵੀ ਕਰਦੇ ਹਨ ਅਤੇ ਆਪਣੇ ਕੰਮਾਂ ਵਿੱਚ ਗਣਿਤ ਦੀ ਸਮਝ ਨਾਲ ਆਪਣੇ-ਆਪਣੇ ਕੰਮਾਂ ਵਿੱਚ ਲੈਣ-ਦੇਣ ਵੀ ਕਰਦੇ ਹਨ। ਉਨ੍ਹਾਂ ਨੂੰ ਸਿਰਫ਼ ਪੜ੍ਹਨ, ਲਿਖਣ ਅਤੇ ਅੰਕ ਗਿਆਨ ਸਿੱਖਣ ਦੀ ਲੋੜ ਹੈ ਤਾਂ ਜੋ ਉਹ ਇੱਕ ਮਿਆਰੀ ਅਤੇ ਸਨਮਾਨਜਨਕ ਜੀਵਨ ਜਿਊਣ ਦਾ ਰਾਹ ਪੱਧਰਾ ਕਰ ਸਕਣ।

ਰਾਸ਼ਟਰੀ ਸਿੱਖਿਆ ਨੀਤੀ 2020 ਦੇ ਇਸ ਦ੍ਰਿਸ਼ਟੀਕੋਣ ਨੂੰ ਧਿਆਨ ਵਿੱਚ ਰੱਖਦੇ ਹੋਏ, ਸਿੱਖਿਆ ਮੰਤਰਾਲੇ ਦੇ ***'ਨਵ ਭਾਰਤ ਸਾਖਰਤਾ ਪ੍ਰੋਗਰਾਮ'*** ਦੇ ਤਹਿਤ ਗੈਰ-ਪੜ੍ਹੇ ਸਿੱਖਿਆਰਥੀਆਂ ਲਈ ਉਲਾਸ ਪ੍ਰਵੇਸ਼ਿਕਾ (ਸੰਖੇਪ ਰੂਪ) ਬਣਾਇਆ ਗਿਆ ਹੈ। ਇਹ ਪ੍ਰਵੇਸ਼ਿਕਾ ਉਜਾਸ ਪ੍ਰਵੇਸ਼ਿਕਾ (ਚਾਰ ਭਾਗ) ਦਾ ਸੰਖੇਪ ਰੂਪ ਹੈ। ਇਹ ਪ੍ਰਵੇਸ਼ਿਕਾ ਇੱਕ ਏਕੀਕ੍ਰਿਤ ਰੂਪ ਵਿੱਚ ਬਣਾਈ ਗਈ ਹੈ, ਜਿਸ ਵਿੱਚ ਭਾਸ਼ਾ ਅਤੇ ਗਣਿਤ ਦੋਵੇਂ ਸ਼ਾਮਲ ਹਨ। 7 ਵਿਸ਼ਿਆਂ ਨੂੰ ਵਿਸ਼ਾ ਵਸਤੂ ਵਜੋਂ ਨਿਸ਼ਚਿਤ ਕੀਤਾ ਗਿਆ ਹੈ ਜੋ ਆਮ ਤੌਰ 'ਤੇ ਸਾਡੇ ਆਲੇ ਦੁਆਲੇ ਦੇਖੇ ਜਾਂਦੇ ਹਨ। ਇਹ ਵਿਸ਼ੇ ਹਨ - 'ਪਰਿਵਾਰ ਅਤੇ ਗਵਾਂਢ', 'ਗੱਲ-ਬਾਤ', 'ਸਾਡਾ ਰਹਿਣ-ਸਹਿਣ', 'ਸਾਡਾ ਆਲਾ-ਦੁਆਲਾ', 'ਖਾਣ-ਪੀਣ ਅਤੇ ਸਿਹਤ', 'ਵੋਟਾਂ' ਅਤੇ 'ਕਾਨੂੰਨੀ ਜਾਣਕਾਰੀ'। ਸਿਖਿਆਰਥੀਆਂ ਨੂੰ ਪੜ੍ਹਨ-ਲਿਖਣਾ ਅਤੇ ਅੰਕ ਗਿਆਨ ਸਿੱਖਣ ਵਿੱਚ ਮਦਦ ਕਰਨ ਲਈ ਇੱਕ ਮਾਰਗਦਰਸ਼ਿਕਾ ਵੀ ਤਿਆਰ ਕੀਤੀ ਗਈ ਹੈ। ਇਸ ਮਾਰਗਦਰਸ਼ਿਕਾ ਦੀ ਵਰਤੋਂ ਵਲੰਟੀਅਰ ਅਧਿਆਪਕਾਂ ਵੱਲੋਂ ਸਿਖਿਆਰਥੀਆਂ ਨੂੰ ਸਿੱਖਣ ਵਿੱਚ ਮਦਦ ਕਰਨ ਲਈ ਕੀਤੀ ਜਾਵੇਗੀ। ਪ੍ਰਵੇਸ਼ਿਕਾ ਅਤੇ ਮਾਰਗਦਰਸ਼ਿਕਾ ਵਿੱਚ ਦਿੱਤੇ ਨੁਕਤੇ ਸੁਝਾਵਾਂ ਵਜੋਂ ਹਨ। ਇਹਨਾਂ ਨੂੰ ਸਿਖਿਆਰਥੀਆਂ ਦੇ ਪੱਧਰ, ਯੋਗਤਾ, ਲੋੜਾਂ ਅਤੇ ਸਥਾਨਕ ਵਾਤਾਵਰਨ ਨੂੰ ਧਿਆਨ ਵਿੱਚ ਰੱਖਦੇ ਹੋਏ ਲੋੜ ਅਨੁਸਾਰ ਸੋਧਿਆ ਜਾ ਸਕਦਾ ਹੈ।

ਪ੍ਰਵੇਸ਼ਿਕਾ ਵਿੱਚ ਸ਼ਾਮਲ ਕੀਤੇ ਗਏ ਬੁਨਿਆਦੀ ਸਾਖਰਤਾ ਅਤੇ ਅੰਕ ਗਿਆਨ ਸਬੰਧੀ ਸਿੱਖਣ ਦੇ ਬਿੰਦੂਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਸਿਖਿਆਰਥੀਆਂ/ਵਲੰਟੀਅਰ ਅਧਿਆਪਕਾਂ ਲਈ ਸਾਰੇ ਵਿਸ਼ਿਆਂ ਦੇ ਆਧਾਰ 'ਤੇ ਅਭਿਆਸ ਪੇਪਰ ਅਤੇ ਆਨਲਾਈਨ ਮਾਡਿਊਲ ਜਾਂ ਵੀਡੀਓ ਪ੍ਰੋਗਰਾਮ ਵੀ ਬਣਾਏ ਗਏ ਹਨ। ਆਨਲਾਈਨ ਮਾਡਿਊਲ ਜਾਂ ਵੀਡੀਓ ਪ੍ਰੋਗਰਾਮ DIKSHA ਪੋਰਟਲ 'ਤੇ ਉਪਲਬਧ ਹਨ। ਇਨ੍ਹਾਂ ਦੀ ਮਦਦ ਨਾਲ ਸਿੱਖਿਆਰਥੀਆਂ ਨੂੰ ਪੜ੍ਹਾਉਣ ਅਤੇ ਸਿੱਖਣ ਵਿਚ ਮਦਦ

ਕੀਤੀ ਜਾਵੇਗੀ।

ਕੌਂਸਲ ਇਸ ਪ੍ਰਵੇਸ਼ਿਕਾ (ਸੰਖੇਪ ਰੂਪ) ਨੂੰ ਤਿਆਰ ਕਰਨ ਵਿੱਚ ਸ਼ਾਮਲ ਸਾਰੇ ਵਿਸ਼ਾ ਮਾਹਿਰਾਂ ਅਤੇ ਕੌਂਸਲ ਦੇ ਮੈਂਬਰਾਂ ਅਤੇ ਪ੍ਰੋਜੈਕਟ ਸਟਾਫ ਦਾ ਉਹਨਾਂ ਦੀ ਅਣਥੱਕ ਮਿਹਨਤ ਲਈ ਧੰਨਵਾਦ ਕਰਦੀ ਹੈ। ਅਸੀਂ ਉਨ੍ਹਾਂ ਸਾਰੇ ਸਿਰਜਣਹਾਰਾਂ ਅਤੇ ਸੰਸਥਾਵਾਂ ਦੇ ਵੀ ਧੰਨਵਾਦੀ ਹਾਂ ਜਿਨ੍ਹਾਂ ਨੇ ਆਪਣੀ ਸਮੱਗਰੀ ਅਤੇ ਸਹਿਯੋਗੀਆਂ ਦੀ ਮਦਦ ਲੈਣ ਲਈ ਖੁੱਲ੍ਹੇ ਦਿਲ ਨਾਲ ਸਾਡਾ ਸਮਰਥਨ ਕੀਤਾ। ਇਸ ਪ੍ਰਵੇਸ਼ਿਕਾ ਨੂੰ ਹੋਰ ਬਿਹਤਰ ਬਣਾਉਣ ਲਈ ਤੁਹਾਡੇ ਸੁਝਾਵਾਂ ਦਾ ਸੁਆਗਤ ਹੈ।

ਜਨਵਰੀ, 2024 ,

ਮੋਹਾਲੀ

ਡਾਇਰੈਕਟਰ,

ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ,

ਪੰਜਾਬ।

ਮੁੱਖ ਬੰਧ

ਸਾਖਰ ਹੋਣਾ, ਪੜ੍ਹਨਾ-ਲਿਖਣਾ ਅਤੇ ਗਿਣਤੀ-ਮਿਣਤੀ ਸਿੱਖਣਾ ਹਰ ਵਿਅਕਤੀ ਦੀ ਮੁੱਢਲੀ ਲੋੜ ਹੈ, ਜੋ ਸਨਮਾਨਜਨਕ ਜੀਵਨ ਜਿਊਣ ਵਿਚ ਸਹਾਈ ਹੁੰਦੀ ਹੈ। ਰਾਸ਼ਟਰੀ ਸਿੱਖਿਆ ਨੀਤੀ 2020 ਦੀਆਂ ਸਿਫ਼ਾਰਸ਼ਾਂ ਨੂੰ ਲਾਗੂ ਕਰਨ ਲਈ, ਭਾਰਤ ਸਰਕਾਰ ਦੁਆਰਾ ਨਵ ਭਾਰਤ ਸਾਖਰਤਾ ਪ੍ਰੋਗਰਾਮ ਯੋਜਨਾ ਸ਼ੁਰੂ ਕੀਤੀ ਗਈ ਹੈ, ਜਿਸਦਾ ਪ੍ਰਸਿੱਧ ਨਾਮ ***'ਉਲਾਸ' (ULLAS-Understanding lifelong Learning for All in Society)*** ਹੈ। ***ਸਮਾਜ ਵਿੱਚ ਸਾਰਿਆਂ ਲਈ ਜੀਵਨ ਭਰ ਸਿੱਖਣ ਦੀ ਸਮਝ।*** ਇਸ ਯੋਜਨਾ ਦਾ ਉਦੇਸ਼ ਹੈ- 15 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਬਾਲਗਾਂ ਨੂੰ ਸਾਖਰ ਬਣਾਉਣਾ ਤਾਂ ਜੋ ਉਹ ਮਜ਼ਬੂਤ ਵਿਅਕਤੀ ਬਣ ਸਕਣ ਅਤੇ ਸਮਾਜ ਦੇ ਵਿਕਾਸ ਵਿੱਚ ਯੋਗਦਾਨ ਪਾ ਸਕਣ।

ਰਾਸ਼ਟਰੀ ਸਿੱਖਿਆ ਨੀਤੀ 2020 ਦੀਆਂ ਸਿਫ਼ਾਰਸ਼ਾਂ ਦੇ ਅਨੁਸਾਰ, ਨਵ ਭਾਰਤ ਸਾਖਰਤਾ ਪ੍ਰੋਗਰਾਮ ਵਿੱਚ ਮੁੱਖ ਤੌਰ 'ਤੇ ਪੰਜ ਭਾਗ ਸ਼ਾਮਲ ਹਨ - 1) ਬੁਨਿਆਦੀ ਸਾਖਰਤਾ ਅਤੇ ਸੰਖਿਆ ਗਿਆਨ, 2) ਮਹੱਤਵਪੂਰਨ ਜੀਵਨ ਹੁਨਰ, 3) ਬੁਨਿਆਦੀ ਸਿੱਖਿਆ, 4) ਵਪਾਰਿਕ ਹੁਨਰ, 5) ਨਿਰੰਤਰ ਸਿੱਖਿਆ। ਗੈਰ-ਸ਼ਾਖਰ ਹੋਏ ਸਿਖਿਆਰਥੀਆਂ ਨੂੰ ਮੁਢਲੀ ਸਾਖਰਤਾ ਅਤੇ ਗਿਣਤੀ ਸਿਖਾਉਣ ਲਈ ਇੱਕ ਸੰਖੇਪ ਪ੍ਰਵੇਸ਼ਿਕਾ ਤਿਆਰ ਕੀਤੀ ਗਈ ਹੈ ਜਿਸਦਾ ਨਾਮ ਹੈ- *ਉੱਲਾਸ।* ਇਹ ਪ੍ਰਵੇਸ਼ਿਕਾ ਸੰਖੇਪ ਰੂਪ ਵਿੱਚ ਬਣਾਈ ਗਈ ਹੈ, ਜਿਸ ਵਿੱਚ ਭਾਸ਼ਾ ਅਤੇ ਗਣਿਤ ਦੋਵੇਂ ਸ਼ਾਮਲ ਹਨ। ਇਹ ਪ੍ਰਵੇਸ਼ਿਕਾ ਭਾਸ਼ਾ ਅਤੇ ਗਣਿਤ ਸਿੱਖਣ ਦੇ ਨਤੀਜਿਆਂ 'ਤੇ ਆਧਾਰਿਤ ਹੈ। ਇਸ ਪ੍ਰਵੇਸ਼ਿਕਾ ਦੇ ਵਿਸ਼ਾ ਵਸਤੂ ਵਿੱਚ ਉਹ ਵਿਸ਼ੇ ਸ਼ਾਮਲ ਹਨ ਜੋ ਕਿਸੇ ਵੀ ਬਾਲਗ ਦੇ ਜੀਵਨ ਨਾਲ ਸਬੰਧਤ ਹਨ। ਇਹ ਵਿਸ਼ੇ ਹਨ - ਪਰਿਵਾਰ ਅਤੇ ਆਂਢ-ਗੁਆਂਢ, ਗੱਲਬਾਤ, ਰਹਿਣ-ਸਹਿਣ, ਆਲੇ-ਦੁਆਲੇ ਦਾ ਵਾਤਾਵਰਨ, ਭੋਜਨ ਅਤੇ ਸਿਹਤ, ਚੋਣਾਂ, ਕਾਨੂੰਨੀ ਜਾਣਕਾਰੀ, ਸਮਾਂ, ਡਿਜੀਟਲ ਨੰਬਰ, ਬੈਂਕ, ਕੈਲੰਡਰ, ਵਾਤਾਵਰਨ ਅਤੇ ਸਾਈਬਰ ਸੁਰੱਖਿਆ ਜਾਗਰੂਕਤਾ ਆਦਿ। ਉਲਾਸ ਪ੍ਰਵੇਸ਼ਿਕਾ ਵਿੱਚ ਇਨ੍ਹਾਂ ਵਿਸ਼ਿਆਂ ਵਿੱਚ ਭਾਸ਼ਾ ਦੇ ਹੁਨਰ ਅਤੇ ਗਣਿਤ ਦੇ ਸੰਕਲਪਾਂ ਨੂੰ ਇਕੱਠੇ ਲਿਆ ਗਿਆ ਹੈ। ਉਦਾਹਰਨ ਲਈ, ਪਾਠ 'ਪਰਿਵਾਰ ਅਤੇ ਆਂਢ ਗੁਆਂਢ' ਵਿੱਚ ਦਿੱਤੇ ਗਏ ਵੱਡੇ ਆਕਾਰ ਦੀਆਂ ਤਸਵੀਰਾਂ ਰਾਹੀਂ, ਪੰਜਾਬੀ ਭਾਸ਼ਾ ਦੇ ਜਾਣੇ-ਪਛਾਣੇ ਸ਼ਬਦਾਂ ਦੀ ਪਛਾਣ, ਸ਼ਬਦ ਪੜ੍ਹਨਾ ਅਤੇ ਅੱਖਰ ਪਛਾਣ (ਅ ਏ ਨ ਪ ਸ ਰ ਵ) ਅਤੇ ਗਣਿਤ ਵਿੱਚ 1 ਤੋਂ 20 ਤੱਕ ਦੀਆਂ ਸੰਖਿਆਵਾਂ ਦੀ ਪਹਿਚਾਣ ਕਰਨਾ, ਪੜ੍ਹਨਾ ਅਤੇ ਲਿਖਣਾ ਸਿਖਾਉਣ ਲਈ ਬਣਾਇਆ ਗਿਆ ਹੈ। ਇਸੇ ਤਰ੍ਹਾਂ 'ਚੋਣਾਂ' ਪਾਠ ਵਿੱਚ ਪੰਜਾਬੀ ਭਾਸ਼ਾ ਦੇ ਅੱਖਰ (ਘ ਧ ਡ ਢ) ਸ਼ਬਦਾਂ, ਵਾਕਾਂ ਅਤੇ ਗਣਿਤ ਵਿੱਚ ਸਮਾਂ ਦੇਖਣਾ ਅਤੇ ਉਸਦੀ ਵਰਤੋਂ ਕਰਨਾ (12 ਅਤੇ 24 ਘੰਟੇ ਦੀ ਘੜੀ) ਕੈਲੰਡਰ, ਸਮਾਂ-ਸਾਰਨੀ, ਰੇਲ ਟਿਕਟ ਉੱਤੇ ਦਿੱਤੀਆਂ ਗਈਆਂ ਸੂਚਨਾਵਾਂ ਨੂੰ ਸਮਝਣਾ, ਡਿਜੀਟਲ ਨੰਬਰਾਂ ਦੀ ਪਛਾਣ ਅਤੇ ਲਿਖਣਾ ਸਿਖਾਉਣ ਲਈ ਬਣਾਇਆ ਗਿਆ ਹੈ। ਇਸ ਤਰ੍ਹਾਂ ਉਲਾਸ ਪ੍ਰਵੇਸ਼ਿਕਾ ਪੰਜਾਬੀ ਭਾਸ਼ਾ ਅਤੇ ਗਣਿਤ ਨੂੰ ਇਕੱਠੇ ਸੰਬੋਧਨ ਕਰਦੀ ਹੈ। ਵਲੰਟੀਅਰ ਅਧਿਆਪਕ ਖੁਦ ਵੀ ਸਿੱਖਣ ਦੇ ਨਤੀਜਿਆਂ ਨੂੰ ਧਿਆਨ ਵਿੱਚ ਰੱਖਦੇ ਹੋਏ, ਆਪਣੇ ਆਲੇ ਦੁਆਲੇ ਉਪਲਬਧ ਹੋਰ ਕਿਸਮ ਦੀਆਂ ਸਮੱਗਰੀਆਂ ਦੀ ਵਰਤੋਂ ਕਰ ਸਕਦੇ ਹਨ।

ਸਾਡਾ ਮੰਨਣਾ ਹੈ ਕਿ ਇਹ ਸਮੱਗਰੀ ਪੜ੍ਹਨ, ਲਿਖਣ ਅਤੇ ਗਣਿਤ ਸਿੱਖਣ ਵਿੱਚ ਗੈਰ-ਸਾਖਰ ਸਿਖਿਆਰਥੀਆਂ ਲਈ ਮਦਦਗਾਰ ਹੋਵੇਗੀ।

ਸਮੱਗਰੀ ਦੇ ਸੁਧਾਰ ਲਈ ਤੁਹਾਡੇ ਸਾਰੇ ਸੁਝਾਵਾਂ ਦਾ ਹਾਰਦਿਕ ਸਵਾਗਤ ਹੈ।

ਊਸ਼ਾ ਸ਼ਰਮਾ
ਪ੍ਰੋਫੈਸਰ ਅਤੇ ਇੰਚਾਰਜ
ਰਾਸ਼ਟਰੀ ਸਾਖਰਤਾ ਕੇਂਦਰ-ਸੈੱਲ
NCERT, ਨਵੀਂ ਦਿੱਲੀ

ਨਵੰਬਰ, 2023
ਨਵੀਂ ਦਿੱਲੀ

ਵਲੰਟੀਅਰ ਅਧਿਆਪਕਾਂ ਨਾਲ਼ ਦੋ ਗੱਲਾਂ

ਰਾਸ਼ਟਰੀ ਸਿੱਖਿਆ ਨੀਤੀ 2020 ਦੇ ਤਹਿਤ 'ਸਭ ਲਈ ਸਿੱਖਿਆ' (ਪਹਿਲਾਂ 'ਬਾਲਗ ਸਿੱਖਿਆ) ਦੀਆਂ ਸਿਫ਼ਾਰਸ਼ਾਂ ਨੂੰ ਲਾਗੂ ਕਰਨ ਲਈ, 'ਨਵ ਭਾਰਤ ਸਾਖਰਤਾ ਪ੍ਰੋਗਰਾਮ' ਵਿੱਚ ਰਾਸ਼ਟਰੀ ਪੱਧਰ 'ਤੇ ਵੱਖ-ਵੱਖ ਤਰ੍ਹਾਂ ਦੀਆਂ ਵਿਦਿਅਕ ਸਮੱਗਰੀਆਂ ਦੀ ਰਚਨਾ ਦਾ ਜ਼ਿਕਰ ਕੀਤਾ ਗਿਆ ਹੈ। ਰਾਸ਼ਟਰੀ ਸਿੱਖਿਆ ਨੀਤੀ-2020 ਮੁੱਖ ਭਾਗਾਂ ਵਜੋਂ ਬੁਨਿਆਦੀ ਸਾਖਰਤਾ ਅਤੇ ਅੰਕਾਂ 'ਤੇ ਜ਼ੋਰ ਦੇਣ ਦੇ ਨਾਲ ਸਿਖਿਆਰਥੀਆਂ ਦੇ ਨਾਜ਼ੁਕ ਜੀਵਨ ਹੁਨਰਾਂ 'ਤੇ ਕੇਂਦਰਿਤ ਹੈ। ਨਵ ਭਾਰਤ ਸਾਖਰਤਾ ਪ੍ਰੋਗਰਾਮ ਵਿੱਚ ਦਿੱਤੇ ਗਏ ਦਿਸ਼ਾ-ਨਿਰਦੇਸ਼ਾਂ ਨੂੰ ਪੂਰਾ ਕਰਨ ਲਈ, 'ਉਲਾਸ' ਨੂੰ ਇੱਕ ਮਾਧਿਅਮ ਵਜੋਂ ਦੇਖਿਆ ਜਾ ਰਿਹਾ ਹੈ ਜੋ ਸਿਖਿਆਰਥੀਆਂ ਲਈ ਪੜ੍ਹਨਾ ਅਤੇ ਲਿਖਣਾ ਸਿੱਖਣ ਲਈ ਬਹੁਤ ਸਾਰੀਆਂ ਸੰਭਾਵਨਾਵਾਂ ਦੇ ਦਰਵਾਜ਼ੇ ਖੋਲ੍ਹਦਾ ਹੈ। ਇਸ ਨੁਕਤੇ ਨੂੰ ਧਿਆਨ ਵਿਚ ਰੱਖਦੇ ਹੋਏ, 'ਉਲਾਸ' ਪ੍ਰਵੇਸ਼ਿਕਾ (ਸੰਖੇਪ) ਬਣਾਇਆ ਗਿਆ ਹੈ ਜੋ ਬੁਨਿਆਦੀ ਸਾਖਰਤਾ ਅਤੇ ਸੰਖਿਆ ਨਾਲ ਸਬੰਧਤ ਸਿੱਖਣ ਦੇ ਨਤੀਜਿਆਂ ਨੂੰ ਪ੍ਰਾਪਤ ਕਰਨ ਵਿਚ ਮਦਦਗਾਰ ਹੈ। ਇਸ ਵਿੱਚ ਪੜ੍ਹਨਾ ਅਤੇ ਲਿਖਣਾ ਨਾਲੋ-ਨਾਲ ਹੁੰਦਾ ਹੈ, ਯਾਨੀ ਭਾਸ਼ਾ ਅਤੇ ਗਣਿਤ ਇੱਕ ਏਕੀਕ੍ਰਿਤ ਰੂਪ ਵਿੱਚ ਚਲਦੇ ਹਨ।ਇਸ ਉਲਾਸ ਪ੍ਰਵੇਸ਼ਿਕਾ ਨੂੰ ਸੱਤ ਅਧਿਆਵਾਂ ਵਿੱਚ ਵੰਡਿਆ ਗਿਆ ਹੈ, ਜਿਸ ਵਿੱਚ ਮੁੱਢਲੀ ਸਾਖਰਤਾ ਅਤੇ ਗਿਣਤੀ ਦੇ ਨਾਲ-ਨਾਲ ਸਿਹਤ, ਵੋਟਿੰਗ, ਕਾਨੂੰਨੀ ਜਾਣਕਾਰੀ, ਵਿੱਤੀ ਸਾਖਰਤਾ, ਡਿਜੀਟਲ ਸਾਖਰਤਾ, ਜਨਤਕ ਜੀਵਨ ਆਦਿ ਵਰਗੇ ਮਹੱਤਵਪੂਰਨ ਜੀਵਨ ਹੁਨਰਾਂ ਨੂੰ ਸਥਾਨ ਦਿੱਤਾ ਗਿਆ ਹੈ।

ਮੁੱਢਲੀ ਸਾਖਰਤਾ ਅਤੇ ਸੰਖਿਆ ਸਭ ਲਈ ਸਿੱਖਿਆ (ਬਾਲਗ ਸਿੱਖਿਆ) ਦਾ ਮਹੱਤਵਪੂਰਨ ਹਿੱਸਾ ਹਨ। ਇਸ ਦਾ ਉਦੇਸ਼ 15 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਉਨ੍ਹਾਂ ਵਿਦਿਆਰਥੀਆਂ ਨੂੰ ਸਾਖਰ ਬਣਾਉਣਾ ਹੈ ਜੋ ਅਨੁਭਵੀ ਹਨ ਪਰ ਅੱਖਰ ਗਿਆਨ ਤੋਂ ਵਾਂਝੇ ਹਨ ਭਾਵ ਉਹ ਗੈਰ-ਸਾਖਰ ਹਨ। ਨਵ ਭਾਰਤ ਸਾਖਰਤਾ ਪ੍ਰੋਗਰਾਮ ਦੇ ਤਹਿਤ, ਸਾਨੂੰ ਉਹਨਾਂ ਸਿਖਿਆਰਥੀਆਂ ਵਿੱਚ ਪੜ੍ਹਨ, ਲਿਖਣ ਅਤੇ ਗਿਣਤੀ ਦੇ ਹੁਨਰ ਨੂੰ ਵਿਕਸਿਤ ਕਰਨਾ ਹੈ ਜੋ ਕਿਸੇ ਕਾਰਨ ਕਰਕੇ ਸਕੂਲ ਨਹੀਂ ਜਾ ਸਕੇ ਅਤੇ ਪੜ੍ਹਾਈ ਤੋਂ ਦੂਰ ਰਹੇ। ਇਹ ਉਹ ਸਿਖਿਆਰਥੀ ਵੀ ਹੋ ਸਕਦੇ ਹਨ ਜੋ ਕਿਸੇ ਦੀ ਮਦਦ ਨਾਲ ਥੋੜਾ ਜਿਹਾ ਪੜ੍ਹਨਾ ਜਾਣਦੇ ਹਨ, ਇਸ ਲਈ ਸਾਡੇ ਸਿਖਿਆਰਥੀ ਪੜ੍ਹਾਉਣ ਅਤੇ ਪੜ੍ਹਨ ਦੀ ਇਸ ਪ੍ਰਕਿਰਿਆ ਵਿਚ ਵੱਖ-ਵੱਖ ਪੱਧਰਾਂ 'ਤੇ ਹੋ ਸਕਦੇ ਹਨ।

ਇਹ ਧਿਆਨ ਵਿੱਚ ਰੱਖਣਾ ਮਹੱਤਵਪੂਰਨ ਹੈ ਕਿ ਇਹ ਸਿਖਿਆਰਥੀ ਬੁੱਧੀਮਾਨ ਹਨ, ਲੰਬੇ ਜੀਵਨ ਦਾ ਅਨੁਭਵ ਰੱਖਦੇ ਹਨ ਅਤੇ ਹੁਨਰਮੰਦ ਕਾਰੀਗਰ ਵੀ ਹੋ ਸਕਦੇ ਹਨ। ਇਹ ਸੰਭਵ ਹੈ ਕਿ ਇਹ ਸਿਖਿਆਰਥੀ ਕੰਮ ਕਰ ਰਹੇ ਹੋਣ ਜਾਂ ਕਿਸੇ ਕਿਸਮ ਦੀ ਮਜ਼ਦੂਰੀ ਰਾਹੀਂ ਆਪਣਾ ਗੁਜ਼ਾਰਾ ਕਰ ਰਹੇ ਹੋਣ। ਕੁੱਝ ਉਹ ਵੀ ਹੋਣਗੇ ਜੋ ਘਰ ਅਤੇ ਘਰ ਤੋਂ ਬਾਹਰ ਜ਼ਿੰਮੇਵਾਰੀਆਂ ਸੰਭਾਲਦੇ ਹਨ। ਸਾਡਾ ਉਦੇਸ਼ ਸਾਖਰਤਾ ਦੀ ਲਾਟ ਨਾਲ ਉਨ੍ਹਾਂ ਦੇ ਜੀਵਨ ਨੂੰ ਰੌਸ਼ਨ ਕਰਨਾ ਅਤੇ ਉਨ੍ਹਾਂ ਦੇ ਜੀਵਨ ਨੂੰ ਮਿਆਰੀ ਬਣਾਉਣ ਵਿੱਚ ਮਦਦ ਕਰਨਾ ਹੈ। ਉਨ੍ਹਾਂ ਨੂੰ ਪੜ੍ਹਨ, ਲਿਖਣ ਅਤੇ ਗਣਿਤ ਦੀ ਸਮਝ ਦੁਆਰਾ ਆਪਣੇ ਤਜ਼ਰਬਿਆਂ ਤੋਂ ਹੋਰ ਸਿੱਖਣ ਦੇ ਯੋਗ ਹੋਣਾ ਚਾਹੀਦਾ ਹੈ, ਅਤੇ ਸੋਚ ਅਤੇ ਸਮਝ ਦੇ ਦਾਇਰੇ ਨੂੰ ਡੂੰਘਾ ਅਤੇ ਵਿਸਥਾਰ ਕਰਨ ਦੇ ਯੋਗ ਹੋਣਾ ਚਾਹੀਦਾ ਹੈ। ਇਸ ਦੇ ਨਾਲ ਹੀ, ਉਨ੍ਹਾਂ ਨੂੰ ਆਪਣੇ ਜੀਵਨ ਨੂੰ ਬਿਹਤਰ ਬਣਾਉਣ ਲਈ ਆਪਣੀ ਕਾਬਲੀਅਤ ਦਾ ਵਿਕਾਸ ਅਤੇ ਪੂਰੀ ਤਰ੍ਹਾਂ ਵਰਤੋਂ ਕਰਨ ਦੇ ਯੋਗ ਹੋਣਾ ਚਾਹੀਦਾ ਹੈ, ਜਿਸ ਨਾਲ ਦੇਸ਼ ਅਤੇ ਸਮਾਜ ਦਾ ਵਿਕਾਸ ਹੁੰਦਾ ਹੈ।

ਸਿਖਿਆਰਥੀਆਂ ਨੂੰ ਪੜ੍ਹਨਾ ਅਤੇ ਲਿਖਣਾ ਸਿਖਾਉਂਦੇ ਸਮੇਂ, ਇਹ ਧਿਆਨ ਵਿੱਚ ਰੱਖੋ ਕਿ -

- ਇਸ ਪ੍ਰਵੇਸ਼ਿਕਾ ਦਾ ਉਦੇਸ਼ ਸਿਖਿਆਰਥੀਆਂ ਨੂੰ ਮੁਢਲੀ ਸਾਖਰਤਾ ਅਤੇ ਸੰਖਿਆ ਨਾਲ ਜਾਣੂ ਕਰਵਾਉਣਾ ਹੈ। ਨਾਲ ਹੀ ਉਨ੍ਹਾਂ ਨੂੰ ਇਸ ਗਿਆਨ ਨਾਲ ਜੋੜਨਾ ਹੋਵੇਗਾ।

- ਇਹ ਸਿਖਿਆਰਥੀ 15 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਹਨ ਅਤੇ ਉਹਨਾਂ ਕੋਲ ਤਜਰਬੇ ਦਾ ਭੰਡਾਰ ਹੈ। ਇਹ ਵੀ ਸੰਭਵ ਹੈ ਕਿ ਉਨ੍ਹਾਂ ਕੋਲ ਸਾਡੇ ਨਾਲੋਂ ਜ਼ਿਆਦਾ ਤਜਰਬੇ ਹਨ। ਇਸ ਲਈ ਉਨ੍ਹਾਂ ਦੇ ਤਜ਼ਰਬਿਆਂ ਦਾ ਆਦਰ ਕਰੋ, ਉਨ੍ਹਾਂ ਦਾ ਆਦਰ ਕਰੋ ਅਤੇ ਉਨ੍ਹਾਂ ਨੂੰ ਧਿਆਨ ਨਾਲ ਸੁਣੋ।

- ਉਹ ਆਪਣੇ ਰੋਜ਼ਾਨਾ ਦੇ ਕੰਮ ਆਪਣੇ ਆਪ ਅਤੇ ਆਪਣੇ ਤਰੀਕੇ ਨਾਲ ਕਰਦੇ ਹਨ, ਇਸ ਲਈ ਉਨ੍ਹਾਂ ਦੀ ਕੁਸ਼ਲਤਾ ਦੀ ਪ੍ਰਸ਼ੰਸਾ ਕਰਨਾ ਯਕੀਨੀ ਬਣਾਓ।

- ਧਿਆਨ ਵਿੱਚ ਰੱਖੋ ਕਿ ਉਹ ਪੜ੍ਹਨ-ਲਿਖਣ ਦੀ ਪ੍ਰਕਿਰਿਆ ਵਿੱਚ ਧਿਆਨ ਨਾਲ ਉਦੋਂ ਹੀ ਸ਼ਾਮਲ ਹੋ ਸਕਣਗੇ ਜਦੋਂ ਉਨ੍ਹਾਂ ਨੂੰ ਪੜ੍ਹਨਾ ਲਾਭਦਾਇਕ ਲੱਗੇ। ਇਸ ਲਈ, ਪੂਰੀ ਤਿਆਰੀ ਨਾਲ ਪੜ੍ਹਾਓ ਅਤੇ ਸਮਝਾਉਣ ਲਈ ਜਿੰਨਾ ਸੰਭਵ ਹੋ ਸਕੇ ਉਨ੍ਹਾਂ ਦੇ ਜੀਵਨ ਅਨੁਭਵਾਂ ਨੂੰ ਉਦਾਹਰਨਾਂ ਵਜੋਂ ਵਰਤੋ।

- ਇਹ ਸਿਖਿਆਰਥੀ ਪੰਜਾਬੀ ਭਾਸ਼ਾ ਸੁਣਨ ਅਤੇ ਬੋਲਣ ਦੇ ਯੋਗ ਹੁੰਦੇ ਹਨ, ਉਹ ਆਪਣੀ ਗੱਲਬਾਤ ਵਿੱਚ ਇਸ ਭਾਸ਼ਾ ਦੀ ਵਰਤੋਂ ਕਰਦੇ ਹਨ। ਇਸ ਲਈ ਇਹ ਧਿਆਨ ਵਿੱਚ ਰੱਖੋ ਕਿ ਇਸ ਭਾਸ਼ਾ ਦੇ ਗਿਆਨ ਦੀ ਵਰਤੋਂ ਕਰਕੇ ਸਾਨੂੰ ਉਨ੍ਹਾਂ ਨੂੰ ਪੜ੍ਹਨ-ਲਿਖਣ ਦੇ ਮੌਕੇ ਦੇਣੇ ਚਾਹੀਦੇ ਹਨ। ਸਿਖਿਆਰਥੀ ਕੋਲ ਗਣਿਤ ਦੀ ਮੌਖਿਕ ਵਰਤੋਂ ਅਤੇ ਗਣਨਾ ਦੇ ਗੈਰ-ਰਸਮੀ ਢੰਗਾਂ ਵਿੱਚ ਹੁਨਰ ਹੋ ਸਕਦਾ ਹੈ ਪਰ ਹੋ ਸਕਦਾ ਹੈ ਕਿ ਉਹ ਸੰਖਿਆਵਾਂ ਨੂੰ ਪਛਾਣ ਨਾ ਸਕੇ ਅਤੇ ਗਣਿਤ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ ਮੁਸ਼ਕਲ ਹੋਵੇ। ਤੁਸੀਂ ਉਹਨਾਂ ਨੂੰ ਅੰਕਾਂ ਨਾਲ ਜੋੜਨਾ, ਉਹਨਾਂ ਦੀ ਗਣਿਤ ਦੀ ਸਮਝ ਨੂੰ ਬਣਾਉਣਾ ਅਤੇ ਵਧਾਉਣਾ ਚਾਹੁੰਦੇ ਹੋ।

- ਤਸਵੀਰਾਂ, ਕਹਾਣੀਆਂ, ਪੋਸਟਰਾਂ ਆਦਿ ਰਾਹੀਂ ਸਬਕ ਸਿਖਾਉਣ ਦੀ ਕੋਸ਼ਿਸ਼ ਕਰੋ। ਤਸਵੀਰਾਂ ਨੂੰ ਪੜ੍ਹਨਾ, ਪੋਸਟਰ ਪੜ੍ਹਨਾ ਅਤੇ ਅਨੁਮਾਨ ਲਗਾਉਣਾ, ਤਸਵੀਰਾਂ ਨੂੰ ਦੇਖਣਾ ਅਤੇ ਉਹਨਾਂ ਦੇ ਹੇਠਾਂ ਲਿਖੇ ਸ਼ਬਦਾਂ ਦਾ ਅਨੁਮਾਨ ਲਗਾਉਣਾ, ਪੜ੍ਹਨਾ ਸਿੱਖਣ ਅਤੇ ਸਿਖਾਉਣ ਦੇ ਤਰੀਕੇ ਹਨ, ਤਸਵੀਰਾਂ ਦੀ ਪੂਰੀ ਵਰਤੋਂ ਕਰੋ। ਤਸਵੀਰਾਂ ਕਿਸੇ ਇੱਕ ਵਸਤੂ ਜਾਂ ਇੱਕ ਪੂਰੀ ਪ੍ਰਕਿਰਿਆ ਜਾਂ ਘਟਨਾ ਨੂੰ ਦਰਸਾ ਸਕਦੀਆਂ ਹਨ। ਤਸਵੀਰਾਂ ਨੂੰ ਲੋੜ ਅਨੁਸਾਰ ਵੱਖ-ਵੱਖ ਤਰੀਕਿਆਂ ਨਾਲ ਵਰਤਿਆ ਜਾ ਸਕਦਾ ਹੈ, ਜਿਵੇਂ ਕਿ - ਤਸਵੀਰਾਂ ਨਾਲ ਗੱਲਬਾਤ ਕੀਤੀ ਜਾ ਸਕਦੀ ਹੈ, ਤਸਵੀਰ ਵਿੱਚ ਮੌਜੂਦ ਵਸਤੂ/ਘਟਨਾ ਬਾਰੇ ਚਰਚਾ ਕੀਤੀ ਜਾ ਸਕਦੀ ਹੈ, ਤਸਵੀਰ ਤੋਂ ਅੰਦਾਜ਼ਾ ਲਗਾ ਕੇ ਕਹਾਣੀ ਬਣਾਈ ਜਾ ਸਕਦੀ ਹੈ। ਇੰਦਰਾਜ਼ ਵਿਚ ਤਸਵੀਰ ਦੇਖ ਕੇ ਪੜ੍ਹਨ ਅਤੇ ਅਨੁਮਾਨ ਲਗਾਉਣ ਦੇ ਮੌਕੇ ਵੀ ਦਿੱਤੇ ਗਏ ਹਨ, ਜਿਵੇਂ ਕਿ ਘਰ ਦੀ ਤਸਵੀਰ ਦੇਖ ਕੇ ਘਰ ਸ਼ਬਦ ਦਾ ਅਨੁਮਾਨ ਲਗਾਉਣਾ ਅਤੇ ਪੜ੍ਹਨਾ, ਪਰਿਵਾਰ ਦੇ ਮੈਂਬਰਾਂ ਦੀ ਤਸਵੀਰ ਦੇਖ ਕੇ ਪਰਿਵਾਰ ਸ਼ਬਦ ਦਾ ਅਨੁਮਾਨ ਲਗਾਉਣਾ ਅਤੇ ਪੜ੍ਹਨਾ ਆਦਿ

ਬੁਨਿਆਦੀ ਸਾਖਰਤਾ-

- ਸਾਡੇ ਸਿਖਿਆਰਥੀਆਂ ਕੋਲ ਇੱਕ ਵੱਡੀ ਸ਼ਬਦਾਵਲੀ ਹੈ, ਇਸਲਈ ਤੁਹਾਨੂੰ ਉਹਨਾਂ ਨੂੰ ਪੜ੍ਹਨਾ ਅਤੇ ਲਿਖਣਾ ਸਿੱਖਣ ਵਿੱਚ ਮਦਦ ਕਰਨ ਲਈ ਇਸਦੀ ਵਰਤੋਂ ਕਰਨ ਦੀ ਲੋੜ ਹੈ। ਇਸਦੇ ਲਈ, ਅਸੀਂ ਵਿਅਕਤੀਆਂ/ਵਸਤੂਆਂ ਦੇ ਨਾਵਾਂ ਵਿੱਚ ਮੌਜੂਦ ਅੱਖਰਾਂ ਅਤੇ ਸ਼ਬਦਾਂ ਦੀ ਪਛਾਣ ਕਰਨ 'ਤੇ ਜ਼ੋਰ ਦੇਵਾਂਗੇ।

- ਅਸੀਂ ਪੂਰੀ ਭਾਸ਼ਾ ਬੋਲਦੇ ਅਤੇ ਸਿੱਖਦੇ ਹਾਂ, ਟੁਕੜਿਆਂ ਵਿੱਚ ਨਹੀਂ। ਸ਼ਬਦਾਂ ਨੂੰ ਤੋੜ ਕੇ ਜਾਂ ਜੋੜ ਕੇ ਪੜ੍ਹਨਾ ਅਤੇ ਲਿਖਣਾ ਨਹੀਂ ਸਿਖਾਇਆ ਜਾ ਸਕਦਾ। ਇਸ ਲਈ ਪੜ੍ਹਨਾ ਅਤੇ ਲਿਖਣਾ ਸਿਖਾਉਂਦੇ ਸਮੇਂ ਇਹ ਯਾਦ ਰੱਖੋ ਕਿ ਅੱਖਰਾਂ ਦੀ

ਪਛਾਣ ਕਰਨ ਅਤੇ ਸ਼ਬਦਾਂ ਨੂੰ ਪੜ੍ਹਨ ਦਾ ਕੰਮ ਸ਼ਬਦਾਂ ਅਤੇ ਵਾਕਾਂ ਦੀ ਮਦਦ ਨਾਲ ਕਰਨਾ ਚਾਹੀਦਾ ਹੈ। ਉਦਾਹਰਨ ਲਈ, 'ਮ' ਅੱਖਰ ਨੂੰ ਸਮਝਣ ਲਈ, ਉਹਨਾਂ ਸ਼ਬਦਾਂ ਨੂੰ ਦਿਖਾਓ ਅਤੇ ਪੜ੍ਹੋ ਜਿਸ ਵਿੱਚ ਇਹ ਅੱਖਰ ਵਰਤਿਆ ਗਿਆ ਹੈ, ਜਿਵੇਂ ਕਿ ਮਟਰ, ਮਾਲਾ, ਮਾਚਿਸ, ਟਮਾਟਰ ਆਦਿ।

- ਭਾਸ਼ਾ ਇੱਕ ਸੰਦਰਭ ਵਿੱਚ ਅਰਥ ਰੱਖਦੀ ਹੈ। ਭਾਸ਼ਾ ਦੇ ਹਵਾਲੇ ਨਾਲ ਪੜ੍ਹਨਾ ਅਤੇ ਲਿਖਣਾ ਸਿਖਾਉਣਾ ਚਾਹੀਦਾ ਹੈ। ਸੰਦਰਭ ਤੋਂ ਬਿਨਾਂ ਭਾਸ਼ਾ ਦਾ ਅਰਥਪੂਰਨ ਹੋਣਾ ਸੰਭਵ ਨਹੀਂ ਹੈ, ਉਦਾਹਰਨ ਲਈ, ਜੇਕਰ ਹੱਲ ਸ਼ਬਦ ਨੂੰ ਇਕੱਲੇ ਵਰਤਿਆ ਜਾਂਦਾ ਹੈ, ਤਾਂ ਇਹ ਸਮਝਣਾ ਮੁਸ਼ਕਲ ਹੈ ਕਿ ਅਸੀਂ ਕਿਸੇ ਸਾਧਨ ਜਾਂ ਸਵਾਲ ਦੇ ਜਵਾਬ ਬਾਰੇ ਗੱਲ ਕਰ ਰਹੇ ਹਾਂ। ਇਸਦੇ ਨਾਲ ਹੀ, ਇੱਕ ਵਾਕ ਵਿੱਚ ਇਸਦੀ ਵਰਤੋਂ (ਜਿਵੇਂ ਕਿ ਮੈਂ ਆਪਣੀ ਬੁਝਾਰਤ ਦਾ ਹੱਲ ਲੱਭ ਲਿਆ ਹੈ) ਪਾਠਕ ਨੂੰ ਇਸਦੇ ਅਰਥ ਦੀ ਸ਼ੁੱਧਤਾ ਅਤੇ ਸਹੀ ਸਮਝ ਪ੍ਰਾਪਤ ਕਰਨ ਵਿੱਚ ਮਦਦ ਕਰਦਾ ਹੈ। ਵਰਨਮਾਲਾ ਦੇ ਗਿਆਨ ਅਤੇ ਅੱਖਰਾਂ ਦੀ ਸਮਝ ਨੂੰ ਵਿਕਸਿਤ ਕਰਨ ਦਾ ਕੰਮ ਵੀ ਵਰਨਮਾਲਾ ਰਾਹੀਂ ਕੀਤਾ ਜਾ ਸਕਦਾ ਹੈ, ਪਰ ਪਹਿਲਾਂ ਅੱਖਰਾਂ ਨੂੰ ਸ਼ਬਦਾਂ ਵਿੱਚ ਦਰਸਾਇਆ ਜਾਣਾ ਚਾਹੀਦਾ ਹੈ, ਬੋਲ ਕੇ ਦੱਸਿਆ ਜਾਣਾ ਚਾਹੀਦਾ ਹੈ ਅਤੇ ਪਛਾਣਿਆ ਜਾਣਾ ਚਾਹੀਦਾ ਹੈ। ਉਸ ਤੋਂ ਬਾਅਦ ਹੀ ਵਰਨਮਾਲਾ ਰਾਹੀਂ ਪਛਾਣ ਨੂੰ ਹੋਰ ਮਜ਼ਬੂਤ ਕਰਨਾ ਚਾਹੀਦਾ ਹੈ। ਇਸ ਰਾਹੀਂ ਵਿਦਿਆਰਥੀ ਇਸ ਨੂੰ ਉਸ ਭਾਸ਼ਾ ਦੀ ਸ਼ਬਦਾਵਲੀ ਨਾਲ ਜੋੜ ਕੇ ਪੜ੍ਹਨ ਦੀ ਕੋਸ਼ਿਸ਼ ਕਰਨਗੇ ਜੋ ਉਹ ਆਪਣੇ ਰੋਜ਼ਾਨਾ ਜੀਵਨ ਵਿੱਚ ਵਰਤਦੇ ਹਨ।

- ਅਸੀਂ ਵੱਖ-ਵੱਖ ਮਾਤਰਾਵਾਂ ਨੂੰ ਜਾਣ-ਪਛਾਣ ਵਿਚ ਅੱਖਰਾਂ ਨਾਲ ਜੋੜ ਕੇ ਪਛਾਣਨਾ ਸਿਖਾ ਰਹੇ ਹਾਂ। ਇਸ ਨਾਲ ਸਿਖਿਆਰਥੀ ਲਈ ਅੱਖਰ-ਧੁਨੀ ਦੇ ਸਬੰਧ ਨੂੰ ਸਮਝਣਾ ਆਸਾਨ ਹੋਵੇਗਾ ਅਤੇ ਉਨ੍ਹਾਂ ਦੀ ਬਿਹਤਰ ਸਮਝ ਵੀ ਵਿਕਸਿਤ ਹੋਵੇਗੀ। ਜਿਵੇਂ - ਪ, ਪਾ, ਪਿ, ਪੀ, ਆਦਿ।

- ਭਾਸ਼ਾ ਦੀਆਂ ਖੇਡਾਂ ਪੜ੍ਹਨਾ ਅਤੇ ਲਿਖਣਾ ਸਿਖਾਉਣ ਵਿੱਚ ਵੀ ਮਦਦ ਕਰਨਗੀਆਂ। ਇਸ ਦੇ ਨਾਲ ਹੀ ਅੱਖਰ-ਧੁਨੀ-ਸਬੰਧ ਦੀ ਸਮਝ ਵੀ ਵਿਕਸਿਤ ਹੋਵੇਗੀ ਜਿਸ ਨਾਲ ਪੜ੍ਹਨਾ ਅਤੇ ਲਿਖਣਾ ਆਸਾਨ ਹੋ ਜਾਵੇਗਾ, ਉਦਾਹਰਨ ਵਜੋਂ ਇੱਕ ਤੋਂ ਵੱਧ ਅੱਖਰਾਂ ਦੀ ਵਰਤੋਂ ਕਰਕੇ ਸ਼ਬਦ ਬਣਾਉਣਾ ਅਤੇ ਪੜ੍ਹਨਾ, ਬੋਲਣ-ਲਿਖਣ ਦੀਆਂ ਖੇਡਾਂ।

- ਅੱਖਰ ਜਾਲ ਦੀ ਵਰਤੋਂ ਕਰਕੇ ਅੱਖਰ ਅਤੇ ਮਾਤਰਾ ਦੀ ਪਛਾਣ ਦੀ ਸਮਝ ਨੂੰ ਹੋਰ ਵਿਕਸਤ ਅਤੇ ਮਜ਼ਬੂਤ ਕੀਤਾ ਜਾ ਸਕਦਾ ਹੈ। ਵਰਨਮਾਲਾ ਜਾਲ ਸ਼ਬਦ ਨਿਰਮਾਣ ਅਤੇ ਸ਼ਬਦ ਪਛਾਣ ਲਈ ਇੱਕ ਵਧੀਆ ਵਿਕਲਪ ਹੈ। ਜਾਣ-ਪਛਾਣ ਵਿਚ ਕਈ ਥਾਵਾਂ 'ਤੇ ਭਾਸ਼ਾ ਦੀਆਂ ਖੇਡਾਂ ਦਿੱਤੀਆਂ ਗਈਆਂ ਹਨ, ਜਿੱਥੇ ਸ਼ਬਦਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਚੱਕਰ ਲਗਾਉਣ ਦਾ ਕੰਮ ਦਿੱਤਾ ਗਿਆ ਹੈ।

- ਭਾਸ਼ਾ ਦੇ ਨਾਲ-ਨਾਲ ਸੰਖਿਆਤਮਕ ਗਿਆਨ ਸਿਖਾਉਣ ਲਈ ਭਾਸ਼ਾ ਅਤੇ ਗਣਿਤ ਨੂੰ ਜਾਣ-ਪਛਾਣ ਵਿਚ ਇਕਸਾਰ ਰੂਪ ਵਿਚ ਸ਼ਾਮਲ ਕੀਤਾ ਗਿਆ ਹੈ।

ਬੁਨਿਆਦੀ ਸੰਖਿਆ ਗਿਆਨ-

- ਸਿਖਿਆਰਥੀ ਗਿਣਤੀ ਤੋਂ ਕੁਝ ਹੱਦ ਤੱਕ ਜਾਣੂ ਹੋਣਗੇ ਕਿਉਂਕਿ ਉਹ ਆਪਣੇ ਰੋਜ਼ਾਨਾ ਜੀਵਨ ਵਿੱਚ ਇਸਨੂੰ ਸੁਣਦੇ, ਦੇਖਦੇ ਅਤੇ ਕਰਦੇ ਹਨ, ਭਾਵੇਂ ਇਹ ਪੈਸੇ ਦਾ ਆਦਾਨ-ਪ੍ਰਦਾਨ ਕਰਨਾ, ਸਾਮਾਨ ਖਰੀਦਣਾ, ਸਬਜ਼ੀਆਂ ਖਰੀਦਣਾ ਜਾਂ ਵੇਚਣਾ, ਸਾਮਾਨ ਦੀ ਗਿਣਤੀ ਕਰਨਾ ਆਦਿ ਹੈ। ਇਨ੍ਹਾਂ ਸਾਰੇ ਕੰਮਾਂ ਲਈ ਸੰਖਿਆਵਾਂ ਦੇ ਗਿਆਨ ਦੀ ਲੋੜ ਹੁੰਦੀ ਹੈ। ਇਸ ਲਈ, ਪਹਿਲਾਂ ਇਹ ਪਤਾ ਲਗਾਓ ਕਿ ਵਿਦਿਆਰਥੀ ਸੰਖਿਆਵਾਂ ਬਾਰੇ ਕਿੰਨਾ ਜਾਣਦੇ ਹਨ ਅਤੇ ਸੰਖਿਆਂ ਦੀ ਵਰਤੋਂ ਕਰਦੇ ਹਨ। ਉਸ ਤੋਂ ਬਾਅਦ ਹੀ ਅੱਗੇ ਵਧਣਾ ਸ਼ੁਰੂ ਕਰੋ।

• ਅਸੀਂ ਨੰਬਰਾਂ ਦੀ ਪਛਾਣ ਕਰਨ ਲਈ ਆਪਣੇ ਆਲੇ-ਦੁਆਲੇ ਦੀਆਂ ਵਸਤੂਆਂ ਦੀ ਵਰਤੋਂ ਕਰ ਸਕਦੇ ਹਾਂ, ਜਿਵੇਂ ਅਸੀਂ ਨੰਬਰਾਂ ਦੀ ਪਛਾਣ ਕਰਨ ਲਈ ਮੋਬਾਈਲ ਦੀ ਵਰਤੋਂ ਕਰ ਸਕਦੇ ਹਾਂ। ਕਿਉਂਕਿ ਬਜ਼ਾਰ ਹਰ ਕਿਸੇ ਦੀਆਂ ਰੋਜ਼ਾਨਾ ਜ਼ਿੰਦਗੀ ਦੀਆਂ ਲੋੜਾਂ ਨਾਲ ਜੁੜਿਆ ਹੋਇਆ ਹੈ ਅਤੇ ਬਜ਼ਾਰ ਤੋਂ ਸਾਮਾਨ ਖਰੀਦਣ ਅਤੇ ਵੇਚਣ ਦੀ ਉਦਾਹਰਨ ਨਾਲ ਉਹ ਚੰਗੀ ਤਰ੍ਹਾਂ ਸਮਝ ਸਕਣਗੇ ਕਿ ਪੜ੍ਹਨਾ-ਲਿਖਣਾ ਸਾਡੀ ਜ਼ਿੰਦਗੀ ਨੂੰ ਆਸਾਨ ਬਣਾਉਣ ਵਿਚ ਮਦਦਗਾਰ ਹੈ। ਇਸੇ ਤਰ੍ਹਾਂ ਜਾਣ-ਪਛਾਣ ਵਿੱਚ ਬਾਜ਼ਾਰ ਵਿੱਚੋਂ ਉਦਾਹਰਨਾਂ ਦੇ ਕੇ ਅੰਕ ਗਿਆਨ ਨੂੰ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ।

• ਕੁਝ ਸਿਖਿਆਰਥੀਆਂ ਨੂੰ ਵਸਤੂਆਂ ਦੀ ਗਿਣਤੀ ਕਰਨ ਦਾ ਗਿਆਨ ਹੋ ਸਕਦਾ ਹੈ, ਇਸ ਲਈ ਉਹਨਾਂ ਨੂੰ ਵਸਤੂਆਂ ਦੀ ਗਿਣਤੀ ਕਰਕੇ ਸੰਖਿਆਵਾਂ ਦੀ ਪਛਾਣ ਕਰਵਾਓ। ਸੰਖਿਆਵਾਂ ਬਾਰੇ ਜਾਣੂ ਹੋਣ ਤੋਂ ਬਾਅਦ ਹੀ ਉਹ ਗਣਿਤ ਦੀਆਂ ਹੋਰ ਧਾਰਨਾਵਾਂ ਨੂੰ ਸਮਝਣ ਅਤੇ ਸਿੱਖਣ ਦੇ ਯੋਗ ਹੋਣਗੇ।

• ਗਣਿਤ ਦੀਆਂ ਧਾਰਨਾਵਾਂ ਨੂੰ ਹੋਰ ਮਜ਼ਬੂਤ ਕਰਨ ਲਈ, ਰੋਜ਼ਾਨਾ ਜੀਵਨ ਨਾਲ ਸਬੰਧਤ ਵੱਧ ਤੋਂ ਵੱਧ ਉਦਾਹਰਨਾਂ ਦਿਓ ਅਤੇ ਗਣਿਤ ਦੀਆਂ ਧਾਰਨਾਵਾਂ ਤੋਂ ਜਾਣੂ ਕਰਵਾਉਣ ਲਈ, ਰੋਜ਼ਾਨਾ ਜੀਵਨ ਨਾਲ ਸਬੰਧਤ ਵੱਧ ਤੋਂ ਵੱਧ ਉਦਾਹਰਨਾਂ ਦਿਓ।

• ਗਣਿਤ ਦੀਆਂ ਧਾਰਨਾਵਾਂ ਜਿਵੇਂ ਕਿ ਵਸਤੂਆਂ ਦੇ ਨਾਲ ਜੋੜ ਅਤੇ ਘਟਾਓ ਸਿਖਾਓ, ਉਦਾਹਰਨ ਲਈ, ਇਹ ਦਿਖਾਉਣ ਲਈ ਕਿ ਚਾਰ ਵਿੱਚ ਤਿੰਨ ਜੋੜ ਕੇ ਕੀ ਪ੍ਰਾਪਤ ਕੀਤਾ ਗਿਆ ਸੀ, ਤਿੰਨ ਸਮਾਨ ਵਸਤੂਆਂ ਨੂੰ ਚਾਰ ਹੋਰ ਉਸ ਵਰਗੀਆਂ ਵਸਤੂਆਂ ਨਾਲ ਮਿਲਾ ਕੇ ਦਿਖਾਓ ਅਤੇ ਉਹਨਾਂ ਨੂੰ ਗਿਣਨ ਲਈ ਕਹੋ। ਇਸੇ ਤਰ੍ਹਾਂ, ਘਟਾਓ ਵਿੱਚ, ਉਹਨਾਂ ਨੂੰ ਵਸਤੂਆਂ ਨੂੰ ਹਟਾਉਣ ਅਤੇ ਗਿਣਤੀ ਕਰਨ ਲਈ ਕਹੋ।

• ਪ੍ਰਵੇਸ਼ਿਕਾ ਵਿੱਚ ਰੁਪਿਆਂ ਦੀ ਵਰਤੋਂ ਕਰਕੇ ਜੋੜ ਅਤੇ ਘਟਾਓ ਵੀ ਸਿਖਾਇਆ ਗਿਆ ਹੈ ਤਾਂ ਜੋ ਜੋੜ ਅਤੇ ਘਟਾਓ ਦੇ ਗਣਿਤਿਕ ਸੰਕਲਪ ਨੂੰ ਸਮਝਿਆ ਜਾ ਸਕੇ ਅਤੇ ਰੁਪਏ ਦੀ ਸਮਝ 'ਤੇ ਵੀ ਕੰਮ ਕੀਤਾ ਜਾ ਸਕੇ। ਵਿਦਿਆਰਥੀਆਂ ਦੇ ਨਾਲ ਰੁਪਏ ਦੇ ਲੈਣ-ਦੇਣ 'ਤੇ ਇੱਕ ਛੋਟੀ ਜਿਹੀ ਗਤੀਵਿਧੀ ਵੀ ਕਰਵਾਈ ਜਾ ਸਕਦੀ ਹੈ ਤਾਂ ਜੋ ਉਨ੍ਹਾਂ ਨੂੰ ਜੋੜ ਅਤੇ ਘਟਾਓ ਦੇ ਗਣਿਤਿਕ ਸੰਕਲਪ ਦੇ ਨਾਲ-ਨਾਲ ਰੁਪਏ ਦੇ ਲੈਣ-ਦੇਣ ਦੀ ਸਮਝ ਨੂੰ ਸਿਖਾਇਆ ਜਾ ਸਕੇ।

• ਕਹਾਣੀਆਂ ਅਤੇ ਗੀਤਾਂ ਰਾਹੀਂ ਗਣਿਤ ਦੀਆਂ ਧਾਰਨਾਵਾਂ ਨੂੰ ਸਮਝਾਉਣ ਦਾ ਯਤਨ ਵੀ ਕੀਤਾ ਜਾ ਸਕਦਾ ਹੈ। ਇਕਾਈਆਂ ਅਤੇ ਦਸਾਂ ਵਰਗੀਆਂ ਧਾਰਨਾਵਾਂ ਨੂੰ ਸਮਝਣ ਲਈ ਰੋਜ਼ਾਨਾ ਜੀਵਨ ਨਾਲ ਸਬੰਧਤ ਅਨੁਭਵ ਲੈਣ ਦੀ ਕੋਸ਼ਿਸ਼ ਕਰੋ, ਤਾਂ ਜੋ ਵਿਦਿਆਰਥੀ ਦੀ ਸਮਝ ਵਿੱਚ ਸੁਧਾਰ ਕੀਤਾ ਜਾ ਸਕੇ। ਇਸ ਧਾਰਨਾ ਨੂੰ ਵੱਖ-ਵੱਖ ਵਸਤੂਆਂ ਦੇ ਬੰਡਲ ਬਣਾ ਕੇ ਵੀ ਸਮਝਾਇਆ ਜਾ ਸਕਦਾ ਹੈ। ਇਸ ਨਾਲ ਸਿਖਿਆਰਥੀਆਂ ਨੂੰ ਸਮਝਣਾ ਵੀ ਆਸਾਨ ਹੋ ਜਾਵੇਗਾ, ਕਿਉਂਕਿ ਉਹ ਆਪਣੇ ਨਿੱਜੀ ਜੀਵਨ ਵਿੱਚ ਵੀ ਅਜਿਹਾ ਹੀ ਕੰਮ ਕਰ ਰਹੇ ਹੋਣਗੇ।

• ਪ੍ਰਵੇਸ਼ਿਕਾ ਗੁਣਾ ਦੀ ਧਾਰਨਾ ਨੂੰ ਸਿਖਾਉਣ ਲਈ ਜੋੜ ਦੀ ਸਮਝ ਦੀ ਵਰਤੋਂ ਕਰਦੀ ਹੈ। ਇਹ ਨਾ ਸਿਰਫ਼ ਜੋੜ ਦੀ ਸਮਝ ਨੂੰ ਮਜ਼ਬੂਤ ਕਰੇਗਾ ਬਲਕਿ ਗੁਣਾ ਨੂੰ ਸਮਝਣਾ ਵੀ ਆਸਾਨ ਬਣਾ ਦੇਵੇਗਾ। ਇਸ ਦੇ ਨਾਲ, ਵਸਤੂਆਂ ਨਾਲ ਗੁਣਾ ਨੂੰ ਸਮਝਾਉਣਾ ਵੀ ਜ਼ਰੂਰੀ ਹੈ, ਉਦਾਹਰਣ ਵਜੋਂ, ਕਿਸੇ ਵਸਤੂ ਨੂੰ ਚਾਰ ਵਾਰ ਸਮਝਾਉਣ ਲਈ, ਚਾਰ ਵਾਰ ਦਿਖਾਓ। ਇਸੇ ਤਰ੍ਹਾਂ 2 × 2 ਨੂੰ ਦਿਖਾਉਣ ਅਤੇ ਸਮਝਾਉਣ ਲਈ, 2 ਵਸਤੂਆਂ ਨੂੰ ਦੋ ਵੱਖ-ਵੱਖ ਸਮੂਹਾਂ ਵਿੱਚ ਰੱਖੋ ਅਤੇ ਗਿਣਤੀ ਕਰਕੇ ਦੱਸੋ।

• ਵਜ਼ਨ, ਠੋਸ ਅਤੇ ਤਰਲ ਨੂੰ ਮਾਪਣ ਦੇ ਵੱਖ-ਵੱਖ ਤਰੀਕਿਆਂ 'ਤੇ ਚਰਚਾ ਕਰਕੇ ਮਾਪ ਦੀ ਧਾਰਨਾ ਦੀ ਵਿਆਖਿਆ ਕਰੋ। ਵਸਤੂਆਂ ਨੂੰ ਖਰੀਦਣ ਵੇਲੇ ਸਿਖਿਆਰਥੀ ਸੁਣਦੇ ਹਨ ਅਤੇ ਮਾਪ ਦੀਆਂ ਇਕਾਈਆਂ ਤੋਂ ਕੁਝ ਹੱਦ ਤੱਕ ਜਾਣੂ ਹੋਣਗੇ।

ਸਾਡਾ ਉਦੇਸ਼ ਉਸ ਗਿਆਨ ਨੂੰ ਲੈਣਾ ਹੈ ਜੋ ਸਿਖਿਆਰਥੀਆਂ ਕੋਲ ਪਹਿਲਾਂ ਹੀ ਹੈ ਅਤੇ ਫਿਰ ਇਸ ਨਾਲ ਜੁੜਨਾ ਅਤੇ ਉਹਨਾਂ ਨੂੰ ਮਾਪ ਦੀਆਂ ਇਕਾਈਆਂ ਨਾਲ ਜਾਣੂ ਕਰਵਾਉਣਾ ਹੈ।

- ਵੱਖ-ਵੱਖ ਆਕਾਰ ਦੇ ਭਾਂਡਿਆਂ ਦੀ ਵਰਤੋਂ ਕਰਦੇ ਹੋਏ, ਇਕਾਈਆਂ ਦੀ ਪਛਾਣ ਕਰਨ ਬਾਰੇ ਗੱਲ ਕਰੋ ਅਤੇ ਅਸੀਂ ਕਿਸ ਕਿਸਮ ਦੀ ਵਸਤੂ ਲਈ ਕਿਹੜੀ ਇਕਾਈ ਦੀ ਵਰਤੋਂ ਕਰਦੇ ਹਾਂ। ਇਕਾਈ ਪਰਿਵਰਤਨ ਬਾਰੇ ਵੀ ਅਜਿਹੀ ਹੀ ਚਰਚਾ ਕੀਤੀ ਜਾ ਸਕਦੀ ਹੈ ਤਾਂ ਜੋ ਇਕਾਈਆਂ ਦੀ ਸਮਝ ਵਿਕਸਿਤ ਕੀਤੀ ਜਾ ਸਕੇ। ਜੇਕਰ ਕੋਈ ਸਬਜ਼ੀ ਵੇਚਣ ਦਾ ਧੰਦਾ ਕਰਦਾ ਹੈ ਤਾਂ ਉਸ ਵਿਅਕਤੀ ਤੋਂ ਵਜ਼ਨ ਮੰਗੋ ਅਤੇ ਵਜ਼ਨ ਦਿਖਾ ਕੇ ਉਸ ਦੀ ਕਿਲੋਗ੍ਰਾਮ ਅਤੇ ਗ੍ਰਾਮ ਸਮਝਣ ਵਿੱਚ ਮਦਦ ਕਰੋ। ਇਸੇ ਤਰ੍ਹਾਂ ਦੁੱਧ ਮਾਪਣ ਵਾਲੇ ਯੰਤਰ ਦਿਖਾ ਕੇ ਲੀਟਰ ਨੂੰ ਸਮਝਣ ਵਿੱਚ ਮਦਦ ਕੀਤੀ ਜਾ ਸਕਦੀ ਹੈ।

- ਸਮਾਂ ਕਿਵੇਂ ਦੱਸਣਾ ਹੈ, ਇਹ ਸਿਖਾਉਣ ਲਈ, ਜਾਣ-ਪਛਾਣ ਵਿੱਚ ਹੱਥ ਅਤੇ ਡਿਜੀਟਲ ਘੜੀਆਂ ਦੋਵਾਂ ਦੀਆਂ ਉਦਾਹਰਨਾਂ 'ਤੇ ਚਰਚਾ ਕੀਤੀ ਗਈ ਹੈ। ਵਿਦਿਆਰਥੀਆਂ ਨੂੰ ਆਪਣੇ ਸਾਹਮਣੇ ਕੰਧ ਘੜੀ ਰੱਖ ਕੇ ਸਮਾਂ ਦੱਸਣਾ/ ਸਿਖਾਉਣ ਦੀ ਕੋਸ਼ਿਸ਼ ਕਰੋ, ਹੱਥਾਂ ਦੀ ਪਛਾਣ ਕਰੋ ਅਤੇ ਹੱਥ ਘੁਮਾ ਕੇ ਸਮਾਂ ਬਦਲੋ ਅਤੇ ਉਨ੍ਹਾਂ ਨੂੰ ਖੁਦ ਘੜੀ ਦੇਖ ਕੇ ਸਮਾਂ ਦੱਸਣ ਲਈ ਕਹੋ। ਇਸ ਨਾਲ ਸਿੱਖਣ ਦਾ ਸਮਾਂ ਵੀ ਮਜ਼ੇਦਾਰ ਹੋਵੇਗਾ ਅਤੇ ਇਸ ਨੂੰ ਪੂਰੀ ਤਰ੍ਹਾਂ ਸਮਝਿਆ ਵੀ ਜਾਵੇਗਾ।

- ਡਿਜ਼ੀਟਲ ਘੜੀ ਨੂੰ ਵੱਖ-ਵੱਖ ਸੰਦਰਭਾਂ ਵਿੱਚ ਸਿਖਿਆਰਥੀਆਂ ਦੇ ਸਾਹਮਣੇ ਲਿਆਉਣਾ ਯਕੀਨੀ ਬਣਾਓ ਤਾਂ ਜੋ ਉਹ ਡਿਜੀਟਲ ਨੰਬਰਾਂ ਨੂੰ ਪੜ੍ਹਨਾ ਸਿੱਖ ਸਕਣ ਅਤੇ ਡਿਜੀਟਲ ਸਕੇਲ, ਘੜੀਆਂ ਆਦਿ ਨੂੰ ਆਸਾਨੀ ਨਾਲ ਪੜ੍ਹ ਸਕਣ।

- 12 ਘੰਟੇ ਅਤੇ 24 ਘੰਟੇ ਦੀਆਂ ਘੜੀਆਂ ਨੂੰ ਪੜ੍ਹਨ ਦੇ ਵੱਖੋ-ਵੱਖਰੇ ਤਰੀਕੇ ਹਨ, ਇਸ ਲਈ 24 ਘੰਟੇ ਦੀ ਘੜੀ ਨੂੰ ਕਿਵੇਂ ਪੜ੍ਹਨਾ ਹੈ ਇਸ ਬਾਰੇ ਗੱਲ ਕਰਨਾ ਯਕੀਨੀ ਬਣਾਓ। 24 ਘੰਟੇ ਦੀ ਘੜੀ ਨੂੰ ਕਿਵੇਂ ਪੜ੍ਹਨਾ ਹੈ ਇਹ ਸਿਖਾਉਣ ਲਈ ਰੇਲ ਟਿਕਟ ਦੀ ਵਰਤੋਂ ਕੀਤੀ ਜਾ ਸਕਦੀ ਹੈ।

- ਸਿਖਿਆਰਥੀਆਂ ਨੂੰ ਇੱਕ ਕੈਲੰਡਰ ਦਿਖਾਓ ਅਤੇ ਉਹਨਾਂ ਨੂੰ ਕੈਲੰਡਰ ਨੂੰ ਪੜ੍ਹਨਾ ਅਤੇ ਦੇਖਣਾ ਸਿਖਾਉਣ ਲਈ ਮਹੀਨਿਆਂ ਦੇ ਨਾਮ ਅਤੇ ਤਾਰੀਖਾਂ ਨੂੰ ਪੜ੍ਹਨਾ ਸਿਖਾਓ। ਮਹੀਨੇ ਅਤੇ ਮਿਤੀ ਦੀ ਪਛਾਣ ਕਰਨ ਲਈ ਹਰ ਰੋਜ਼ ਕੈਲੰਡਰ ਨੂੰ ਦੇਖ ਕੇ ਸਿਖਿਆਰਥੀਆਂ ਨੂੰ ਵਰਤਣ ਅਤੇ ਪੜ੍ਹਨ ਲਈ ਕੰਮ ਸੌਂਪੋ। ਸਿਖਿਆਰਥੀਆਂ ਨੂੰ ਪੁੱਛਿਆ ਜਾ ਸਕਦਾ ਹੈ ਕਿ ਉਹ ਆਪਣੇ ਰੋਜ਼ਾਨਾ ਜੀਵਨ ਵਿੱਚ ਕੈਲੰਡਰ ਦੀ ਵਰਤੋਂ ਕਿਵੇਂ ਕਰਦੇ ਹਨ।

- ਸੰਖੇਪ ਪ੍ਰਵੇਸ਼ਿਕਾ ਵਿੱਚ ਮਹੱਤਵਪੂਰਨ ਜੀਵਨ ਹੁਨਰਾਂ, ਜਿਵੇਂ ਕਿ ਕਾਨੂੰਨੀ ਜਾਣਕਾਰੀ, ਭੋਜਨ ਅਤੇ ਸਿਹਤ, ਡਿਜੀਟਲ ਸਾਖਰਤਾ ਆਦਿ ਨਾਲ ਸਬੰਧਤ ਵਿਸ਼ਿਆਂ ਨੂੰ ਸ਼ਾਮਲ ਕੀਤਾ ਗਿਆ ਹੈ। ਇਹਨਾਂ ਵਿਸ਼ਿਆਂ ਨਾਲ ਸਬੰਧਤ ਹੋਰ ਮਹੱਤਵਪੂਰਨ ਨੁਕਤੇ ਜਿਵੇਂ – ਵੋਟਿੰਗ, ਬੈਂਕ ਖਾਤੇ ਸੰਬੰਧੀ ਜਾਣਕਾਰੀ; ਸਾਈਬਰ ਸੁਰੱਖਿਆ 'ਤੇ ਗੱਲਬਾਤ ਲਈ ਮੌਕੇ ਪ੍ਰਦਾਨ ਕੀਤੇ ਗਏ ਹਨ। ਚੈੱਕ ਬੁੱਕ, ਜਮ੍ਹਾਂ ਪਰਚੀ ਆਦਿ ਨੂੰ ਸਿਖਿਆਰਥੀਆਂ ਨਾਲ ਸਾਂਝਾ ਕਰਕੇ ਪੜ੍ਹਨਾ ਅਤੇ ਭਰਨਾ ਸਿਖਾਓ।

ਉਲਾਸ ਨਿਰਮਾਣ ਕਮੇਟੀ

ਪ੍ਰਧਾਨ ਅਤੇ ਰਾਜ ਪ੍ਰੋਜੈਕਟ ਇੰਚਾਰਜ
ਡਾਇਰੈਕਟਰ, ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ।

ਨਿਰਮਾਣ, ਸੋਧ ਤੇ ਲੇਖਣ ਕਮੇਟੀ

ਸ੍ਰੀ ਸੁਰਿੰਦਰ ਕੁਮਾਰ, PES-1, ਸਟੇਟ ਕੋਆਰਡੀਨੇਟਰ(ULLAS), ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ।

ਡਾ. ਪਰਮਿੰਦਰ ਸਿੰਘ ਦੇਹੜ, SRP(ULLAS)/ਹੈੱਡਮਾਸਟਰ, ਸਰਕਾਰੀ ਹਾਈ ਸਕੂਲ, ਕਮਾਲਪੁਰ (ਸੰਗਰੂਰ)

ਸ੍ਰੀਮਤੀ ਸੁਖਵੀਰ ਕੌਰ, ਪੰਜਾਬੀ ਮਿਸਟ੍ਰੈਸ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਬਘਰੌਲ (ਸੰਗਰੂਰ)

ਪਰੂਫ ਰੀਡਿੰਗ

ਸ੍ਰੀਮਤੀ ਰੁਮਕੀਤ ਕੌਰ, ਫੈਕਲਟੀ ਐਸ. ਸੀ. ਐੱਲ ਕੋਆਰਡੀਨੇਟਰ (ULLAS), ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ

ਸ. ਲਖਵਿੰਦਰ ਸਿੰਘ, ਲੈਕ. ਫਿਜ਼ਿਕਸ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਲਾਲੜੂ ਮੰਡੀ ਐਸ. ਏ. ਐਸ. ਨਗਰ(ਮੋਹਾਲੀ)

ਟੈਕਨੀਕਲ ਅਤੇ ਟਾਈਪਿੰਗ

ਸ. ਰਵਿੰਦਰ ਪਾਲ ਸਿੰਘ, ਕੰਪਿਊਟਰ ਫੈਕਲਟੀ, ਸਰਕਾਰੀ ਹਾਈ ਸਕੂਲ, ਖਡਿਆਲ (ਸੰਗਰੂਰ)

ਨਿਗਰਾਨ ਕਮੇਟੀ

ਊਸ਼ਾ ਸ਼ਰਮਾ, ਪ੍ਰੋਫੈਸਰ ਅਤੇ ਇੰਚਾਰਜ, ਰਾਸ਼ਟਰੀ ਸਾਖਰਤਾ ਕੇਂਦਰੀ ਪ੍ਰੀਸ਼ਦ, ਐਨ.ਸੀ.ਈ.ਆਰ.ਟੀ., ਨਵੀਂ ਦਿੱਲੀ

ਡਾ. ਬਾਨੀ ਬੋਰਾ, ਸੀਨੀਅਰ ਸਲਾਹਕਾਰ, ਰਾਸ਼ਟਰੀ ਸਾਖਰਤਾ ਕੇਂਦਰੀ ਪ੍ਰੀਸ਼ਦ, ਐਨ.ਸੀ.ਈ.ਆਰ.ਟੀ., ਨਵੀਂ ਦਿੱਲੀ

ਰੋਹਿਤ ਨੇਏਵਾਲ, ਸਲਾਹਕਾਰ, ਰਾਸ਼ਟਰੀ ਸਾਖਰਤਾ ਕੇਂਦਰੀ ਪ੍ਰੀਸ਼ਦ, ਐਨ.ਸੀ.ਈ.ਆਰ.ਟੀ., ਨਵੀਂ ਦਿੱਲੀ

ਯਾਸਮੀਨ ਅਸ਼ਰਫ, ਸਲਾਹਕਾਰ, ਰਾਸ਼ਟਰੀ ਸਾਖਰਤਾ ਕੇਂਦਰੀ ਪ੍ਰੀਸ਼ਦ, ਐਨ.ਸੀ.ਈ.ਆਰ.ਟੀ., ਨਵੀਂ ਦਿੱਲੀ

ਸ਼ਿਵਾ ਸ੍ਰੀਵਾਸਤਵ, ਜੂਨੀਅਰ ਪ੍ਰੋਜੈਕਟ ਸਹਾਇਕ, ਰਾਸ਼ਟਰੀ ਸਾਖਰਤਾ ਕੇਂਦਰੀ ਪ੍ਰੀਸ਼ਦ, ਐਨ.ਸੀ.ਈ.ਆਰ.ਟੀ., ਨਵੀਂ ਦਿੱਲੀ

ਸੋਨਾਲੀ, ਜੂਨੀਅਰ ਪ੍ਰੋਜੈਕਟ ਸਹਾਇਕ, ਰਾਸ਼ਟਰੀ ਸਾਖਰਤਾ ਕੇਂਦਰੀ ਪ੍ਰੀਸ਼ਦ, ਐਨ.ਸੀ.ਈ.ਆਰ.ਟੀ., ਨਵੀਂ ਦਿੱਲੀ

ਧੰਨਵਾਦ

ਮੈਂ ਸਭ ਰਚਨਾਕਾਰਾਂ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਦੀਆਂ ਰਚਨਾਵਾਂ ਪੁਸਤਕ ਵਿੱਚ ਸ਼ਾਮਲ ਕੀਤੀਆਂ ਗਈਆਂ ਹਨ। ਸੁਸ਼ੀਲ ਸ਼ੁਕਲਾ, ਨਿਰਦੇਸ਼ਕ, ਏਕਤਾਰਾ, ਭੋਪਾਲ (ਦੀਵਾਲੀ ਕੇ ਦੀਏ) ਅਤੇ ਸਵ. ਨਿਰੰਕਾਰ ਦੇਵ ਸੇਵਕ (ਸਹੀ ਸਮੇਂ), ਸੁਖਵੀਰ ਕੌਰ, ਸ.ਸ.ਸ.ਸ ਬਘਰੌਲ (ਆਏ ਬੱਦਲ), ਪ੍ਰਭਾਤ (ਗਿਆਨੂੰ ਗਿਆਨੀ ਗਿਆਨ), ਨਿਸ਼ਾਤ ਫਾਰੂਕ (ਮਦਦ ਮਿਲੀ ਤਾਂ ਕਿਸ ਤਰ੍ਹਾਂ ਅਤੇ ਮੇਰਾ ਖਾਤਾ ਮੇਰੀ ਸ਼ਾਨ), ਸਵੈਮ ਪ੍ਰਕਾਸ਼ (ਹਾਂ ਜੀ ਨਾ ਜੀ), ਪ੍ਰੇਮਪਾਲ ਸ਼ਰਮਾ, ਸੇਵਾਮੁਕਤ ਕਾਰਜਕਾਰੀ ਨਿਰਦੇਸ਼ਕ, ਰੇਲਵੇ ਬੋਰਡ (ਗਾਂਧੀ ਜੀ ਦੀ ਆਤਮਕਥਾ ਵਿੱਚੋਂ) ਅਤੇ ਆਯੁਸ਼ਮਾਨ ਗੋਸਵਾਮੀ, ਮੁਖੀ, ਸਿੱਖਿਆ ਵਿਭਾਗ, ਖੇਤਰੀ ਸਿੱਖਿਆ ਸੰਸਥਾਨ, ਅਜਮੇਰ (ਕਹਾਣੀਆਂ) ਦਾ ਧੰਨਵਾਦ ਕਰਦਾ ਹੈ।

ਇਸ ਕਿਤਾਬ ਵਿੱਚ ਚਿਤਰ ਲਈ ਸ਼ਸ਼ੀ ਸ਼ੈਟਯ ਪ੍ਰੀਸਦ, ਨਵੀਂ ਦਿੱਲੀ; ਸੁਨੀਤਾ, ਲੋਕ ਚਿਤਰਕਾਰ (ਮੰਡਨਾ ਸ਼ੈਲੀ), ਜੈਪੁਰ, ਰਾਜਸਥਾਨ; ਸੁਭਾਸ਼ ਵਿਆਮ, ਲੋਕ ਚਿੱਤਰਕਾਰ (ਗੋਂਡ ਮੂਰਲ ਸ਼ੈਲੀ), ਭੋਪਾਲ, ਮੱਧ ਪ੍ਰਦੇਸ਼; ਦੁਰਗਾਬਾਈ ਵਿਆਮ, (ਲੋਕ ਚਿੱਤਰਕਾਰ (ਗੋਂਡ ਮੂਰਲ ਸ਼ੈਲੀ), ਭੋਪਾਲ, ਮੱਧ ਪ੍ਰਦੇਸ਼); ਮਾਨਸਿੰਘ ਵਿਆਮ, ਲੋਕ ਚਿੱਤਰਕਾਰ (ਗੋਂਡ ਮੂਰਲ ਸ਼ੈਲੀ), ਭੋਪਾਲ, ਮੱਧ ਪ੍ਰਦੇਸ਼; ਪ੍ਰਸ਼ਾਂਤ ਸੋਨੀ, ਉਦੈਪੁਰ, ਰਾਜਸਥਾਨ; ਸਾਗਰ ਅਰੰਕਲੇ, ਨੇਇਡਾ, ਉੱਤਰ ਪ੍ਰਦੇਸ਼; ਸ਼ੁਭਮ ਲਖੇਰਾ, ਚੰਦੇਰੀ, ਮੱਧ ਪ੍ਰਦੇਸ਼; ਹਬੀਬ ਅਲੀ, ਗਵਾਲੀਅਰ, ਮੱਧ ਪ੍ਰਦੇਸ਼; ਜਤਿੰਦਰ ਚੌਰਸੀਆ, ਦੇਵਾਸ, ਮੱਧ ਪ੍ਰਦੇਸ਼; ਹਰਿਓਮ ਪਾਟੀਦਾਰ, ਧਾਰ, ਮੱਧ ਪ੍ਰਦੇਸ਼; ਨੀਲੇਸ਼ ਗਹਿਲੋਤ, ਧਾਰ, ਮੱਧ ਪ੍ਰਦੇਸ਼; ਤਾਪੋਸ਼ੀ ਘੋਸ਼ਾਲ, ਨਵੀਂ ਦਿੱਲੀ; ਰੁਚਿਨ ਸੋਨੀ, ਨਵੀਂ ਦਿੱਲੀ; ਮਯੂਖ ਘੋਸ਼, ਕੋਲਕਾਤਾ, ਪੱਛਮੀ ਬੰਗਾਲ; ਸਚਿਦਾਨੰਦ ਝਾਅ, ਮਧੂਬਨੀ, ਬਿਹਾਰ; ਰਾਧਾਸ਼ਿਆਮ ਰਾਊਤ, ਭੁਵਨੇਸ਼ਵਰ, ਉੜੀਸਾ ਅਤੇ ਸ਼੍ਰੇਅਸੀ ਦੱਤ, ਮਧੂਬਨੀ, ਬਿਹਾਰ।

ਭਾਰਤੀ ਚੋਣ ਕਮਿਸ਼ਨ, ਰਾਸ਼ਟਰੀ ਵੋਟਰ ਸੇਵਾ ਪੋਰਟਲ, ਭਾਰਤੀ ਖੇਤੀ ਖੋਜ ਕੇਂਦਰ, ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮੰਤਰਾਲਾ, ਪ੍ਰਧਾਨ ਮੰਤਰੀ ਜਨ-ਧਨ ਯੋਜਨਾ, ਰਾਸ਼ਟਰੀ ਆਫ਼ਤ ਪ੍ਰਬੰਧਨ ਅਥਾਰਟੀ, ਰਾਸ਼ਟਰੀ ਸਾਖਰਤਾ ਮਿਸ਼ਨ ਅਥਾਰਟੀ, ਰਾਜ ਸਰੋਤ ਕੇਂਦਰ, ਇੰਦੌਰ, ਜਿਸ ਦੀ ਵੈੱਬਸਾਈਟ ਤੋਂ ਉਜਾਸ ਪ੍ਰਵੇਸ਼ਿਕਾ ਲਈ ਉਪਯੋਗੀ ਸਮੱਗਰੀ ਅਤੇ ਚਿੱਤਰ ਪ੍ਰਾਪਤ ਕੀਤੇ ਗਏ ਸਨ।

ਡਾ. ਬਾਨੀ ਵੋਹਰਾ, ਸੀਨੀਅਰ ਸਲਾਹਕਾਰ, ਰਾਸ਼ਟਰੀ ਸਾਖਰਤਾ ਕੇਂਦਰੀਂ ਪ੍ਰੀਸ਼ਦ,; ਰੋਹਿਤ ਨੇਏਵਾਲ, ਸਲਾਹਕਾਰ; ਜੋਤੀ ਤਿਵਾਰੀ, ਪ੍ਰੋਜੈਕਟ ਸਹਾਇਕ, ਉਜਾਸ ਪ੍ਰਵੇਸਿਕਾ ਦੇ ਨਿਰਮਾਣ ਲਈ ਯੋਗਦਾਨ ਪਾਇਆ ਹੈ।

ਸਾਡੀ ਪੰਜਾਬ ਟੀਮ- ਡਾ. ਪਰਮਿੰਦਰ ਸਿੰਘ, ਹੈੱਡਮਾਸਟਰ, ਸਰਕਾਰੀ ਹਾਈ ਸਕੂਲ, ਕਮਾਲਪੁਰ (ਸੰਗਰੂਰ) ਅਤੇ ਸ੍ਰੀਮਤੀ ਰੁਮਕੀਤ ਕੌਰ, ਵਿਸ਼ਾ ਮਾਹਰ ਦਾ ਬਹੁਤ ਧੰਨਵਾਦ ਜਿਨ੍ਹਾਂ ਨੇ ਪੰਜਾਬੀ ਵਿੱਚ ਉਲਾਸ ਪ੍ਰਵੇਸ਼ਿਕਾ ਬਣਾਏ ਹਨ। ਸ੍ਰੀਮਤੀ ਸੁਖਵੀਰ ਕੌਰ, ਪੰਜਾਬੀ ਮਿਸਟ੍ਰੈਸ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਬਘਰੌਲ (ਸੰਗਰੂਰ) ਨੇ ਪਰੂਫ ਰੀਡਿੰਗ ਅਤੇ ਟੈਕਨੀਕਲ ਅਤੇ ਟਾਈਪਿੰਗ ਸ. ਰਵਿੰਦਰ ਪਾਲ ਸਿੰਘ, ਕੰਪਿਊਟਰ ਫੈਕਲਟੀ, ਸਰਕਾਰੀ ਹਾਈ ਸਕੂਲ, ਖਡਿਆਲ (ਸੰਗਰੂਰ) ਨੇ ਵੀ ਇਸ ਪੁਸਤਕ ਵਿੱਚ ਯੋਗਦਾਨ ਪਾਇਆ ਹੈ।

ਸ਼ੁਭ ਕਾਮਨਾਵਾਂ ਸਹਿਤ।

ਸੁਰਿੰਦਰ ਕੁਮਾਰ PES-1,

ਸਟੇਟ ਕੋਆਰਡੀਨੇਟਰ(ULLAS),

ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ,।

ਪੰਜਾਬ।

ਵਿਸ਼ਾ - ਸੂਚੀ

ਜਾਣ-ਪਹਿਚਾਣ *i*

ਮੁੱਖ ਬੰਧ *iii*

ਵਲੰਟੀਅਰ ਅਧਿਆਪਕਾਂ ਨਾਲ਼ ਦੋ ਗੱਲਾਂ *v*

ਪ੍ਰਵੇਸ਼ਿਕਾ ਨਿਰਮਾਣ ਕਮੇਟੀ *xi*

ਧੰਨਵਾਦ *xiii*

1. ਪਰਿਵਾਰ ਅਤੇ ਗੁਆਂਢ **2–17**

- ਅ, ਨ, ਪ, ਸ, ਰ, ਵ
- ਨੰਬਰ 1 ਤੋਂ 20 ਤੱਕ ਦੀਆਂ ਸੰਖਿਆਵਾਂ ਨੂੰ ਪਛਾਣਨਾ, ਪੜ੍ਹਨਾ ਅਤੇ ਲਿਖਣਾ

2. ਗੱਲ-ਬਾਤ **18–37**

- ਇ, ਈ, ਬ, ਤ, ਮ, ਖ, ਟ, ਚ
- ਨੰਬਰ 21 ਤੋਂ 50 ਤੱਕ ਦੀਆਂ ਸੰਖਿਆਵਾਂ ਨੂੰ ਪਛਾਣਨਾ, ਪੜ੍ਹਨਾ ਅਤੇ ਲਿਖਣਾ
- 50 ਤੱਕ ਸੰਖਿਆਵਾਂ ਨੂੰ ਜੋੜਨਾ ਅਤੇ ਘਟਾਉਣਾ
- ਇਕਾਈ ਅਤੇ ਦਹਾਈ ਦੇ ਸਮੂਹਾਂ ਵਿੱਚ ਗਿਣਨਾ

3. ਸਾਡਾ ਰਹਿਣ-ਸਹਿਣ **38–59**

- ੇ, ੈ, ਝ, ਦ, ਲ, ਗ, ਕ, ਯ
- 51 ਤੋਂ 1000 ਤੱਕ ਦੀਆਂ ਸੰਖਿਆਵਾਂ ਨੂੰ ਪਛਾਣਨਾ, ਪੜ੍ਹਨਾ ਅਤੇ ਲਿਖਣਾ
- ਇਕਾਈ, ਦਹਾਈ ਅਤੇ ਸੈਂਕੜੇ ਦੇ ਸਮੂਹਾਂ ਵਿੱਚ ਗਿਣਨਾ (ਸਥਾਨ ਮੁੱਲ)
- 2 ਅੰਕਾਂ ਵਾਲੀ ਸੰਖਿਆ ਦਾ ਜੋੜ ਅਤੇ ਘਟਾਓ
- 1 ਅੰਕ ਵਾਲੀ ਸੰਖਿਆ ਦੀ ਗੁਣਾ ਕਰਨੀ
- 100-100 ਦੇ ਸਮੂਹਾਂ ਵਿਚ ਗਿਣਨਾ

4. ਸਾਡਾ ਆਲਾ-ਦੁਆਲਾ 60–75

- ੇ, ੈ , ਜ, ਭ, ਡ, ੜ, ਢ, ਸ਼, ਂ , ੱ
- 3 ਅੰਕਾਂ ਵਾਲੀ ਸੰਖਿਆ ਦਾ ਜੋੜ ਅਤੇ ਘਟਾਓ
- ਲੰਬਾਈ, ਭਾਰ ਅਤੇ ਸਮਰੱਥਾ ਨੂੰ ਮਾਪਣਾ
- ਦੋ ਅੰਕਾਂ ਦੀਆਂ ਸੰਖਿਆਵਾਂ ਨੂੰ ਇੱਕ ਅੰਕ ਦੀ ਸੰਖਿਆ ਨਾਲ ਗੁਣਾ ਕਰਨਾ
- ਭਾਗ ਨੂੰ ਸਮਝਣਾ

5. ਖਾਣ-ਪੀਣ ਅਤੇ ਸਿਹਤ 66–89

- ਉ, ਅ, ਹ, ਛ, ਥ, ਫ, ਫ਼, ਠ
- ਸਮਾਂ ਦੇਖਣਾ (ਘੰਟਾ, ਮਿੰਟ, ਸਕਿੰਟ)
- ਸਮਾਂ ਇਕਾਈਆਂ ਨੂੰ ਆਪਸ ਵਿੱਚ ਬਦਲਣਾ
- ਡਿਜੀਟਲ ਨੰਬਰਾਂ ਦੀ ਪਛਾਣ ਕਰਨਾ ਅਤੇ ਲਿਖਣਾ

6. ਚੋਣਾਂ 90–101

- ਘ, ਧ, ਡ, ਢ
- ਸਮਾਂ ਮਾਪ ਦੀ ਵਰਤੋਂ ਕਰਨਾ (12 ਅਤੇ 24 ਘੰਟੇ ਵਾਲੀ ਘੜੀ)
- ਕੈਲੰਡਰ, ਸਮਾਂ ਸਾਰਨੀ ਅਤੇ ਰੇਲ ਟਿਕਟਾਂ ਬਾਰੇ ਜਾਣਕਾਰੀ ਨੂੰ ਸਮਝਣਾ

7. ਕਾਨੂੰਨੀ ਜਾਣਕਾਰੀ 102–111

- ਵ, ਪ, ਣ, ਜ਼, ਗ
- ਕਾਨੂੰਨ ਨਾਲ ਜੁੜੀ ਸ਼ਬਦਾਵਲੀ ਨੂੰ ਸਮਝਣਾ ਅਤੇ ਪੜ੍ਹਨਾ
- ਬੈਂਕਿੰਗ ਫਾਰਮ ਪੜ੍ਹੋ, ਸਮਝੋ ਅਤੇ ਭਰੋ (ਚੈੱਕ, ਜਮ੍ਹਾਂ ਪਰਚੀ, ਨਕਦ ਕਢਵਾਉਣ ਦੀ ਪਰਚੀ)
- ਸਾਈਬਰ ਸੁਰੱਖਿਆ ਬਾਰੇ ਜਾਣਨਾ


ਮੇਰੀ ਕਿਤਾਬ

ਮੇਰਾ ਨਾਮ – _____

ਮੇਰਾ ਪਤਾ – _____

ਮੇਰਾ ਮੋਬਾਈਲ ਨੰਬਰ – _____


ਸਰਕਾਰੀ ਮੈਡੀਕਲ ਸੈਂਟਰ
ਮੁਸਕਾਨ ਬੂਟੀਕ
ਗੁਰਦੀਪ ਬੂਟ ਹਾਊਸ



ਗੱਲ-ਬਾਤ ਲਈ

1. ਇਹ ਚਿੱਤਰ ਕਿੱਥੋਂ ਦਾ ਹੈ? 2. ਕੌਣ ਕੀ-ਕੀ ਕਰ ਰਿਹਾ ਹੈ? 3. ਤੁਹਾਡੀ ਰਾਸ਼ਨ ਦੀ ਦੁਕਾਨ ਤੇ ਕੀ-ਕੀ ਮਿਲਦਾ ਹੈ? 4. ਇਸ ਚਿੱਤਰ ਵਿੱਚ ਕੁੱਲ ਕਿੰਨੇ ਬੱਚੇ ਹਨ? 5. ਚਿੱਤਰ ਵਿੱਚ ਕੁੱਲ ਕਿੰਨੇ ਮੰਜੇ ਹਨ? 6. ਮਕਾਨ ਨੰਬਰ ਕਿਉਂ ਲਗਾਇਆ ਜਾਂਦਾ ਹੈ? 7. ਕੀ ਤੁਹਾਡੇ ਘਰ 'ਤੇ ਵੀ ਨੰਬਰ ਲੱਹਿਆ ਹੋਇਆ ਹੈ? 8. ਦਰਖ਼ਤ ਹੇਠਾਂ ਖੜੇ ਬੰਦੇ ਕੀ ਗੱਲ ਕਰ ਰਹੇ ਹੋਣਗੇ?

1 ਪਰਿਵਾਰ ਅਤੇ ਗੁਆਂਢ

ਅਸੀਂ ਸਿੱਖਾਂਗੇ

ਅ	ਏ	ਨ	ਪ	ਸ	ਰ	ਵ

- 1 ਤੋਂ 20 ਤੱਕ ਦੀਆਂ ਸੰਖਿਆਵਾਂ ਨੂੰ ਪਹਿਚਾਣਨਾ, ਪੜ੍ਹਨਾ ਅਤੇ ਲਿਖਣਾ


ਚਿੱਤਰ ਤੋਂ ਅੰਦਾਜ਼ਾ ਲਾ ਕੇ ਪੜ੍ਹੋ



ਦੁਕਾਨ



ਪਰਿਵਾਰ




ਦਰਵਾਜ਼ਾ



ਰਸੋਈ ਘਰ


ਪੜ੍ਹੋ ਅਤੇ ਲਿਖੋ

ਅ



ਅਲਮਾਰੀ

ਆ




ਆਦਮੀ

ਨ



ਨਦੀ

ਨਾ



ਨਾਰੀਅਲ

ਅਧਿਆਪਕ ਹਦਾਇਤ — ਸਹਿਪਾਠੀਆਂ ਨੂੰ ਵਾਰੀ-ਵਾਰੀ ਚਿੱਤਰ ਦੀ ਪਹਿਚਾਣ ਕਰਵਾਓ। ਚਿੱਤਰ ਦੇ ਹੇਠਾਂ ਲਿਖੇ ਸ਼ਬਦਾਂ ਨੂੰ ਉਂਗਲੀ ਰੱਖ ਕੇ ਪੜ੍ਹਾਓ ਅਤੇ ਸਿਖਿਆਰਥੀਆਂ ਨੂੰ ਅੱਖਰ ਲਿਖਣ ਲਈ ਕਹੋ। 'ਅ' ਅਤੇ 'ਆ' ਦੀ ਆਵਾਜ਼ ਅਤੇ ਆਕਾਰ ਵਿਚਲੇ ਅੰਤਰ ਨੂੰ ਵੀ ਸਮਝਾਓ। ਇਸੇ ਤਰ੍ਹਾਂ, ਉਨ੍ਹਾਂ ਨੂੰ ਬਾਕੀ ਅੱਖਰ ਪੜ੍ਹਨ ਅਤੇ ਲਿਖਣ ਲਈ ਕਹੋ।

ਪ



ਪਾ




ਪपीता


ਪालक

ਪ ਪਾ

ਸ



ਸा




ਸमोसा

ਸाबण

ਸ ਸਾ

ਰ



ਰੱਸੀ

ਰਾ



ਰਾਣੀ

ਵ



ਵਜ਼ੀਰ

ਵਾ



ਵਾਜਾ

ਦੇਖੋ ਅਤੇ ਪੜ੍ਹੋ

ਨਾਨਾ	ਆਪ	ਵਾਜਾ
ਪਾਪਾ	ਆਨਾ	ਸਾਉਣ
ਪਾਲ	ਅਨਾਰ	ਸੁਪਨਾ
ਨਾਪ	ਨਰ	ਨਾਪਣਾ

ਸ਼ਬਦਾਂ ਨੂੰ ਪਹਿਚਾਣ ਕੇ ਗੋਲ ਚੱਕਰ ਲਗਾਓ

ਅ	ਵ	ਵਾ	ਨਾ	ਆ
ਪ	ਨਾ	ਨ	ਰਾ	ਰ
ਨਾ	ਪ	ਰ	ਆ	ਨਾ
ਨ	ਰ	ਪਾ	ਨਾ	ਪ
ਵ	ਸਾ	ਵ	ਨ	ਰ

ਚਿੱਤਰ ਦੇਖ ਕੇ ਖਾਲੀ ਜਗ੍ਹਾ ਭਰੋ–



ਵ ..... ਲ




ਅ ..... ਰ



ਨ .....


ਅਧਿਆਪਕ ਹਦਾਇਤ – ਵਲੰਟੀਅਰ ਅਧਿਆਪਕ ਬੋਰਡ 'ਤੇ ਸਿੱਖੇ ਗਏ ਅੱਖਰ ਲਿਖਦੇ ਹਨ ਅਤੇ ਸਿਖਿਆਰਥੀਆਂ ਨੂੰ ਸ਼ਬਦ ਬਣਾਉਣ ਲਈ ਕਹਿੰਦੇ ਹਨ। ਸਾਰੇ ਮਿਲ ਕੇ ਸ਼ਬਦ ਬਣਾਉਂਦੇ ਹਨ। ਸਿਖਿਆਰਥੀਆਂ ਨੂੰ ਪੱਤਰ ਲਿਖਣ ਲਈ ਪ੍ਰੇਰਿਤ ਕਰੋ। ਉਹਨਾਂ ਨੂੰ ਇੱਕ-ਇੱਕ ਕਰਕੇ ਲਿਖੇ ਸ਼ਬਦਾਂ ਨੂੰ ਪੜ੍ਹਨ ਲਈ ਕਹੋ।

ਗਿਣੋ ਅਤੇ ਸੰਖਿਆ ਦੀ ਪਹਿਚਾਣ




1

ਇੱਕ ਕਿਸ਼ਤੀ




2

ਦੋ ਟਮਾਟਰ



3

ਤਿੰਨ ਵੇਲਣੇ




4

ਚਾਰ ਅੰਬ




5

ਪੰਜ ਘਰ




6

ਛੇ ਸਾਰਸ



7

ਸੱਤ ਘੜੇ



8

ਅੱਠ ਟੂਟੀਆਂ



9

ਨੌ ਅਨਾਰ

ਅਧਿਆਪਕ ਹਦਾਇਤ — ਕੋਸ਼ਿਸ਼ ਕਰੋ ਕਿ ਸਿਖਿਆਰਥੀ ਚਿੱਤਰਾਂ ਵਿੱਚ ਦਿੱਤੀਆਂ ਗਈਆਂ ਚੀਜ਼ਾਂ ਨੂੰ ਗਿਣਨ ਅਤੇ ਦਿਖਾਈ ਗਈ ਸੰਖਿਆ ਨੂੰ ਪਹਿਚਾਨਣ। ਸਿਖਿਆਰਥੀਆਂ ਨੂੰ ਆਪਣੇ ਆਲੇ-ਦੁਆਲੇ ਦੀਆਂ ਚੀਜ਼ਾਂ ਦੀ ਗਿਣਤੀ ਕਰਨ ਦਾ ਮੌਕਾ ਦਿਓ। ਜਿਵੇਂ- ਕਮਰੇ ਵਿੱਚ ਕਿੰਨੇ ਲੋਕ ਹਨ?

ਦੇਖੋ ਗਿਣੋ ਅਤੇ ਸੰਖਿਆ ਲਿਖੋ


1	1		6	6	
2	2		7	7	
3	3		8	8	
4	4		9	9	
5	5				

ਮੋਬਾਈਲ ਵਿੱਚ ਕਿਹੜੇ ਅੰਕ ਕਿੱਥੇ ਹਨ? ਖਾਲੀ ਥਾਂ ਵਿੱਚ ਸਹੀ ਅੰਕ ਲਿਖੋ–



ਅਧਿਆਪਕ ਹਦਾਇਤ— ਮੋਬਾਈਲ ਵਿਚਲੇ ਅੰਕਾਂ ਨੂੰ ਲਿਖਣ ਦਾ ਅਭਿਆਸ ਕਰਵਾਓ। ਕੋਸ਼ਿਸ਼ ਕਰੋ ਕਿ ਸਹਿਪਾਠੀ ਇਹਨਾਂ ਅੰਕਾਂ ਨੂੰ ਪਹਿਲਾਂ ਬਿੰਦੂ ਯੁਕਤ ਰੇਖਾ ਦੀ ਮਦਦ ਨਾਲ਼ ਅਤੇ ਫਿਰ ਆਪਣੇ ਆਪ ਬੋਲਣ ਅਤੇ ਲਿਖਣ। ਜਿਹੜੇ ਸਹਿਪਾਠੀ ਨੂੰ ਜ਼ਿਆਦਾ ਅਭਿਆਸ ਦੀ ਲੋੜ ਹੋਵੇ, ਉਸ ਨੂੰ ਵਾਰ-ਵਾਰ ਅਭਿਆਸ ਦਾ ਮੌਕਾ ਦਿਓ। ਇਹ ਕੋਸ਼ਿਸ਼ ਕਰੋ ਕਿ ਸਹਿਪਾਠੀ ਮੋਬਾਈਲ ਦੀ ਕੀ-ਪੈਡ ਉੱਤੇ ਲਿਖੀਆਂ ਹੋਈਆਂ ਸੰਖਿਆਵਾਂ ਦੇ ਪੈਟਰਨ ਨੂੰ ਪਹਿਚਾਣੇ ਅਤੇ ਉਸ ਦੇ ਆਧਾਰ ਤੇ ਸੰਖਿਆ (1 ਤੋਂ 9 ਤੱਕ) ਲਿਖੇ।

ਰਾਜੇ ਦਾ ਪਰਿਵਾਰ ਬੈਲਗੱਡੀ ਤੇ ਜਾ ਰਿਹਾ ਹੈ। ਦੇਖੋ, ਗਿਣੋ ਅਤੇ ਲਿਖੋ–



- ਗੱਡੀ ਵਿੱਚ ਕੁੱਲ ਕਿੰਨੇ ਵਿਅਕਤੀ ਹਨ? ☐
- ਗੱਡੀ ਵਿੱਚ ਕਿੰਨੇ ਆਦਮੀ ਹਨ? ☐
- ਗੱਡੀ ਵਿੱਚ ਕਿੰਨੀਆਂ ਔਰਤਾਂ ਹਨ? ☐
- ਟੋਕਰੀ ਵਿੱਚ ਕਿੰਨੇ ਤਰਬੂਜ਼ ਹਨ? ☐
- ਗੱਡੀ ਦੇ ਕਿੰਨੇ ਪਹੀਏ ਹਨ? ☐
- ਗੱਡੀ ਵਿੱਚ ਕਿੰਨੀਆਂ ਲਾਲਟੈਣਾਂ ਹਨ? ☐

ਖਾਲੀ ਜਗ੍ਹਾ 'ਤੇ ਸੰਖਿਆ ਲਿਖ ਕੇ ਕ੍ਰਮ ਪੂਰਾ ਕਰੋ–

1		3	4		6			9

ਅਧਿਆਪਕ ਹਦਾਇਤ— ਸਹਿਪਾਠੀਆਂ ਤੋਂ ਵਸਤੂਆਂ ਨੂੰ ਗਿਣ ਕੇ ਸਹੀ ਮਿਲਾਨ ਦਾ ਅਭਿਆਸ ਕਰਵਾਓ। ਸੰਖਿਆ ਪੜ੍ਹਨ ਅਤੇ ਲਿਖਣ ਵਿੱਚ ਸਹਿਪਾਠੀਆਂ ਦੀ ਮਦਦ ਕਰੋ। ਤੁਸੀਂ ਚਾਹੋ ਤਾਂ ਆਲੇ-ਦੁਆਲੇ ਦੀਆਂ ਚੀਜ਼ਾਂ ਦੀ ਗਿਣਤੀ ਕਰਵਾ ਸਕਦੇ ਹੋ।


ਆਓ, ਮਿਲਕੇ ਗਿਣੋ–



ਦਸ ਟੂਟੀਆਂ 10




ਗਿਆਰਾਂ ਮੰਜੇ 11




ਬਾਰ੍ਹਾਂ ਪੱਤੇ 12




ਤੇਰਾਂ ਅਲਮਾਰੀਆਂ 13



ਚੌਦਾਂ ਪਤੰਗ 14




ਪੰਦਰਾਂ ਰੱਖੜੀਆਂ 15




ਸੋ.ਲਾਂ ਨਾਰੀਅਲ 16




ਸਤਾਰਾਂ ਅਨਾਰ 17



ਅਠਾਰਾਂ ਮੱਛੀਆਂ 18



ਉੱਨੀ ਮੋਤੀ 19



ਵੀਹ ਤੀਲੀਆਂ 20

ਖਾਲੀ ਜਗ੍ਹਾ 'ਤੇ ਸੰਖਿਆ ਲਿਖ ਕੇ ਕ੍ਰਮ ਪੂਰਾ ਕਰੋ–

10		12		14	15		17			20

ਅਧਿਆਪਕ ਹਦਾਇਤ— ਸਹਿਪਾਠੀਆਂ ਤੋਂ ਵਸਤੂਆਂ ਨੂੰ ਗਿਣ ਕੇ ਸਹੀ ਮਿਲਾਨ ਦਾ ਅਭਿਆਸ ਕਰਵਾਓ। ਸੰਖਿਆ ਪੜ੍ਹਨ ਅਤੇ ਲਿਖਣ ਵਿੱਚ ਸਹਿਪਾਠੀਆਂ ਦੀ ਮਦਦ ਕਰੋ। ਤੁਸੀਂ ਚਾਹੋ ਤਾਂ ਆਲੇ-ਦੁਆਲੇ ਦੀਆਂ ਚੀਜ਼ਾਂ ਦੀ ਗਿਣਤੀ ਕਰਵਾ ਸਕਦੇ ਹੋ।

ਅਭਿਆਸ ਦਾ ਕੰਮ

1. ਦਿੱਤੇ ਗਏ ਅੱਖਰ ਦੀ ਪਹਿਚਾਣ ਕਰਕੇ ਉਹਨਾਂ ਉੱਤੇ ਗੋਲ ਚੱਕਰ ਲਗਾਓ

ਲ	-	ਬਲ	ਵੇਲਣਾ
ਸ	-	ਸਮਾਂ	ਬਸ
ਰਾ	-	ਰਾਤ	ਹੀਰਾ
ਪਾ	-	ਪਾਲਕ	ਕਪਾਹ

2. ਪੜ੍ਹੋ ਅਤੇ ਲਿਖੋ–

ਪਾ ਖਾ ਸਾ ਹਾ ਰਾ


3. ਚਿੱਤਰ ਦੇਖ ਕੇ ਖਾਲੀ ਥਾਵਾਂ ਭਰੋ–



ਅ.....ਰ



ਰੱ.....



.....ਮੋਸਾ

4. ਸ਼ਬਦਾਂ ਦੀ ਪਹਿਚਾਨ ਕਰਕੇ ਉਹਨਾਂ ਉੱਤੇ ਗੋਲ ਚੱਕਰ ਲਗਾਓ

ਅ	ਵ	ਵਾ	ਨਾ	ਆ
ਪ	ਨਾ	ਨ	ਰਾ	ਸ
ਨਾ	ਪ	ਰ	ਆ	ਨਾ
ਨ	ਰ	ਪਾ	ਨਾ	ਪ
ਵ	ਸਾ	ਵ	ਨ	ਰ





5. ਪੜ੍ਹੋ ਅਤੇ ਸੰਖਿਆ ਲਿਖੋ–

6. ਖਾਲੀ ਜਗ੍ਹਾ 'ਤੇ ਸੰਖਿਆ ਲਿਖ ਕੇ ਕ੍ਰਮ ਪੂਰਾ ਕਰੋ–

1		3	4					9

7. ਪੜ੍ਹੋ ਅਤੇ ਸੰਖਿਆ ਲਿਖੋ–

8. ਖਾਲੀ ਜਗ੍ਹਾ 'ਤੇ ਸੰਖਿਆ ਲਿਖ ਕੇ ਕ੍ਰਮ ਪੂਰਾ ਕਰੋ–

10		12		14	15		17			20


ਡਾਕਖ਼ਾਨਾ
ਚਿੱਠੀ



ਗੱਲ-ਬਾਤ ਲਈ

1. ਆਪਣੀ ਗੱਲ ਨੂੰ ਦੂਸਰਿਆਂ ਤੱਕ ਪਹੁੰਚਾਉਣ ਲਈ ਕਿਹੜੇ-ਕਿਹੜੇ ਤਰੀਕਿਆਂ ਦੀ ਵਰਤੋਂ ਕੀਤੀ ਗਈ ਹੈ? 2. ਕੀ ਤੁਸੀਂ ਕਦੀ ਡਾਕਖ਼ਾਨੇ ਗਏ ਹੋ? 3. ਤੁਸੀਂ ਡਾਕਖ਼ਾਨੇ ਕਿਹੜੇ-ਕਿਹੜੇ ਕੰਮ ਲਈ ਜਾਂਦੇ ਹੋ? 4. ਖ਼ਬਰਾਂ ਕਿੰਨ੍ਹਾਂ ਤਰੀਕਿਆਂ ਨਾਲ਼ ਮਿਲਦੀਆਂ ਹਨ? 5. ਮੋਬਾਈਲ ਦਾ ਪ੍ਰਯੋਗ ਗੱਲ-ਬਾਤ ਤੋਂ ਇਲਾਵਾ ਹੋਰ ਕਿਹੜੇ ਕੰਮਾਂ ਲਈ ਕੀਤਾ ਜਾਂਦਾ ਹੈ?

2 ਗੱਲ-ਬਾਤ

ਅਸੀਂ ਸਿੱਖਾਂਗੇ

ਇ	ਈ	ਬ	ਤ	ਮ	ਖ	ਟ	ਚ

- 21 ਤੋਂ 50 ਤੱਕ ਦੀਆਂ ਸੰਖਿਆਵਾਂ ਨੂੰ ਪਹਿਚਾਣਨਾ, ਪੜ੍ਹਨਾ ਅਤੇ ਲਿਖਣਾ
- 1 ਤੋਂ 50 ਤੱਕ ਦੀਆਂ ਸੰਖਿਆਵਾਂ
- ਇਕਾਈ ਅਤੇ ਦਹਾਈ ਦੇ ਸਮੂਹਾਂ ਵਿੱਚ ਗਿਣਨਾ

ਚਿੱਤਰ ਤੋਂ ਅੰਦਾਜ਼ਾ ਲਾ ਕੇ ਪੜ੍ਹੋ



ਅਖ਼ਬਾਰ



ਡਾਕ-ਪੇਟੀ




ਗੱਲ-ਬਾਤ



ਮੋਬਾਈਲ

ਪੜ੍ਹੋ ਅਤੇ ਲਿਖੋ

ਇ



ਇਮਲੀ

ਈ



ਈਸਬਗੋਲ

ਬ



ਬੱਸ

ਬਾ




ਬਾਜ਼

ਬਿ




ਬਿੱਲੀ

ਬੀ



ਬੀਨ

ਤ



ਤਬਲਾ

ਤਾ



ਤਾਲਾ

ਅਧਿਆਪਕ ਹਦਾਇਤ — ਚਿੱਤਰ ਦੇਖ ਕੇ ਸ਼ਬਦ ਪੜ੍ਹਨ ਵਿੱਚ ਸਹਿਪਾਠੀਆਂ ਦੀ ਮਦਦ ਕਰੋ, ਉਹਨਾਂ ਤੋਂ ਅੱਖਰ ਲਿਖਵਾਓ। ਦਿੱਤੀ ਗਈ ਥਾਂ ਤੇ ਚਿੱਤਰ ਦਾ ਨਾਮ ਲਿਖਵਾਓ।

ਤਿ




ਤੀ

30

ਤਿਤਲੀ

ਤੀਹ

ਮ




ਮਾ




ਮੱਛੀ

ਮਾਲਿਸ਼

ਮਿ



ਮੀ



ਮਿਠਾਈ

ਮੀਲ–ਪੱਥਰ

ਖ



ਖਾ



ਖੰਭ

ਖਾਦ

ਖਿ



ਖਿਡੌਣੇ

ਖੀ



ਖੀਰਾ

ਟ



ਟਮਾਟਰ

ਟਾ



ਟਾਈ

ਟਿ




ਟੀ



ਟਿਕਟ

ਟੀਕਾ

ਚ




ਚਾ

4


ਚਰਖਾ

ਚਾਰ

ਚ




ਚੀ



ਚਿੱਠੀ

ਚੀਨੀ


ਚਿੱਤਰ ਦੇਖ ਕੇ ਖਾਲੀ ਥਾਂ ਭਰੋ–



ਅੰ .....



ਮ..... ਨ



ਮਾ.....ਸ




.....ਮਾਟਰ

ਅਧਿਆਪਕ ਹਦਾਇਤ — ਸਹਿਪਾਠੀਆਂ ਨੂੰ ਅੱਖਰਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਨਾਲ ਜੁੜੇ ਸ਼ਬਦਾਂ ਨੂੰ ਲਿਖਣ ਲਈ ਪ੍ਰੇਰਿਤ ਕਰੋ।


ਵਾਕਾਂ ਨੂੰ ਮਿਲ ਕੇ ਪੜ੍ਹੋ–

- ਮਾਲਗੱਡੀ 'ਤੇ ਸਮਾਨ ਜਾ ਰਿਹਾ ਹੈ।
- ਰਾਣੀ ਟੀਕਾ ਲਗਵਾਉਣ ਗਈ ਹੈ।
- ਸੀਤੋ ਮਿਠਾਈ ਖਾ ਰਹੀ ਹੈ।
- ਮੀਨਾ ਨੇ ਬਾਬੇ ਨੂੰ ਚਿੱਠੀ ਲਿਖੀ ਹੈ।
- ਬੱਸ ਵਿੱਚ ਬਹੁਤ ਸਾਰੇ ਲੋਕ ਸਨ।


ਚਿੱਤਰਾਂ ਦੇ ਨਾਮ ਲਿਖੋ




.....



.....



.....



.....

■ ਪਾਇਲ ਦੇ ਘਰ 5 ਲੋਕ ਬੈਠੇ ਹਨ। 4 ਲੋਕ ਹੋਰ ਆ ਗਏ ਹਨ।ਹੁਣ ਕੁੱਲ ਕਿੰਨੇ ਲੋਕ ਹੋਏ–


ਅਤੇ

ਮਿਲਕੇ ਹੋਏ


5 ਲੋਕ	ਅਤੇ	4 ਲੋਕ ਮਿਲਕੇ ਹੋਏ	9 ਲੋਕ
5	+	4 ਮਿਲਕੇ ਹੋਏ	9
5	+	4 =	9

5 + 4 = 9 ਜਾਂ
$$\begin{array}{r} 5 \\ +\ 4 \\ \hline 9 \end{array}$$

■ **ਜੋੜੋ**

$$\begin{array}{r} 13 \\ +\ 2 \\ \hline \\ \hline \end{array} \qquad \begin{array}{r} 15 \\ +\ 3 \\ \hline \\ \hline \end{array} \qquad \begin{array}{r} 12 \\ +\ 4 \\ \hline \\ \hline \end{array}$$

7 + 2 = ☐

13 + 4 = ☐


● ਡਾਕੀਏ ਨੇ ਪਹਿਲੇ ਦਿਨ 8 ਚਿੱਠੀਆਂ ਵੰਡੀਆਂ। ਦੂਸਰੇ ਦਿਨ ਉਸਨੇ 3 ਚਿੱਠੀਆਂ ਵੰਡੀਆਂ। ਡਾਕੀਏ ਨੇ ਕੁੱਲ ਕਿੰਨੀਆਂ ਚਿੱਠੀਆਂ ਵੰਡੀਆਂ?

_____




ਅਧਿਆਪਕ ਹਦਾਇਤ — ਸਹਿਪਾਠੀਆਂ ਨੂੰ ਜੋੜ ਅਤੇ ਘਟਾਓ ਦੇ ਚਿੰਨ੍ਹਾਂ ਨੂੰ ਪਛਾਣਨ ਅਤੇ ਗਣਿਤ ਦੀਆਂ ਕਾਰਵਾਈਆਂ ਕਰਨ ਦੇ ਵੱਧ ਤੋਂ ਵੱਧ ਮੌਕੇ ਦਿਓ। ਗਣਿਤ ਵਿੱਚ, '+' ਜੋੜ ਚਿੰਨ੍ਹ ਹੈ, '–' ਘਟਾਓ ਦਾ ਚਿੰਨ੍ਹ ਹੈ ਅਤੇ '=' ਬਰਾਬਰ ਦਾ ਚਿੰਨ੍ਹ ਹੈ।

- **ਨੌਂ ਬਲਬਾਂ ਵਿੱਚੋਂ ਦੋ ਬਲਬ ਖ਼ਰਾਬ ਹੋ ਗਏ ਹਨ। ਕਿੰਨੇ ਬਲਬ ਚਾਲੂ ਹਾਲਤ ਵਿੱਚ ਹਨ?**



ਬਲਬਾਂ ਵਿੱਚੋਂ



ਖ਼ਰਾਬ ਹੋਏ ਬਲਬ



ਚਾਲੂ ਹਾਲਤ ਵਿੱਚ ਬਚੇ ਬਲਬ

9	ਬਲਬਾਂ ਵਿੱਚੋਂ	–	2	ਬਲਬ ਖ਼ਰਾਬ ਹੋਏ	=	7 ਬਲਬ ਚਾਲੂ ਹਾਲਤ ਵਿੱਚ ਬਚੇ
9		–	2	ਬਚੇ	=	7
9		–	2		=	7

$$\begin{array}{r} 9 \\ -\ 2 \\ \hline 7 \end{array}$$

ਜਾਂ

$$9 - 2 = 7$$

ਅਧਿਆਪਕ ਹਦਾਇਤ — ਰੋਜ਼ਾਨਾ ਜ਼ਿੰਦਗੀ ਵਿੱਚ ਅਜਿਹੇ ਮੌਕੇ ਆਉਂਦੇ ਹਨ ਜਿੱਥੇ ਦੋ ਸੰਖਿਆਵਾਂ ਦਾ ਜੋੜ ਕਰਨਾ ਹੁੰਦਾ ਹੈ। ਸਹਿਪਾਠੀਆਂ ਦੀ ਹੌਂਸਲਾ ਅਫ਼ਜ਼ਾਈ ਕਰੋ ਕਿ ਉਹ ਵੱਖ-ਵੱਖ ਸੰਖਿਆਵਾਂ ਨੂੰ ਜੋੜ ਕੇ ਅਜਿਹਾ ਕਰ ਸਕਣ। ਛੋਟੀਆਂ (9 ਤੱਕ ਦੀਆਂ) ਸੰਖਿਆਵਾਂ ਦੀ ਵਰਤੋਂ ਕਰ ਕੇ ਘਟਾ ਸਕਣ।

ਘਟਾਓ

$$\begin{array}{r} 9 \\ -\ 3 \\ \hline \\ \hline \end{array} \qquad \begin{array}{r} 6 \\ -\ 2 \\ \hline \\ \hline \end{array} \qquad \begin{array}{r} 8 \\ -\ 4 \\ \hline \\ \hline \end{array}$$

$7 - 3 =$ ☐


$5 - 2 =$ ☐

- ਕੁਲਵੀਰ ਕੋਲ 20 ਰੁਪਏ ਹਨ, ਉਸਨੇ 15 ਰੁਪਏ ਦੇ ਫ਼ਲ ਖਰੀਦੇ ਹੁਣ ਉਸ ਕੋਲ ਕਿੰਨੇ ਰੁਪਏ ਬਚੇ ਹਨ?

_____


ਆਓ ਜੋੜ ਕੇ ਗਿਣਤੀ ਸਿੱਖੀਏ

ਮਿਠਾਈ ਦੇ ਇੱਕ ਡੱਬੇ ਵਿੱਚ 10 ਲੱਡੂ ਹਨ। 10 ਇਕਾਈਆਂ ਦਾ ਮਤਲਬ 1 ਦਹਾਈ ਹੁੰਦਾ ਹੈ।




20+1 = 21

2 ਦਹਾਈ ਅਤੇ 1 ਇਕਾਈ — ਇੱਕੀ




20+2 = 22

2 ਦਹਾਈ ਅਤੇ 2 ਇਕਾਈ — ਬਾਈ



20+3 = 23


2 ਦਹਾਈ ਅਤੇ 3 ਇਕਾਈ — ਤੇਈ



20+4 = 24

2 ਦਹਾਈ ਅਤੇ 4 ਇਕਾਈ


ਚੌਵੀ



20+5 = 25

2 ਦਹਾਈ ਅਤੇ 5 ਇਕਾਈ


ਪੱਚੀ



20+6 = 26

2 ਦਹਾਈ ਅਤੇ 6 ਇਕਾਈ

ਛੱਬੀ



20+7 = 27

2 ਦਹਾਈ ਅਤੇ 7 ਇਕਾਈ


ਸਤਾਈ



20+8 = 28

2 ਦਹਾਈ ਅਤੇ 8 ਇਕਾਈ

ਅਠਾਈ



20+9 = 29

2 ਦਹਾਈ ਅਤੇ 9 ਇਕਾਈ

ਉਨੱਤੀ



20+10 = 30

2 ਦਹਾਈ ਅਤੇ 10 ਇਕਾਈ

ਜਾਂ 3 ਦਹਾਈ




ਤੀਹ

ਅਧਿਆਪਕ ਹਦਾਇਤ — ਇਸੇ ਤਰ੍ਹਾਂ ਅੱਗੇ ਦੀਆਂ ਸੰਖਿਆਵਾਂ ਲਿਖਣ ਵਿੱਚ ਸਿੱਖਿਆਰਥੀਆਂ ਦੀ ਮਦਦ ਕਰੋ।

30	+	1	=	31
30	+	2	=	32
30	+	3	=	33
30	+	4	=	34
30	+	5	=	35
30	+	6	=	36
30	+	7	=	37
30	+	8	=	38
30	+	9	=	39
30	+	10	=	40

40	+	1	=	41
40	+	2	=	42
40	+	3	=	43
40	+	4	=	44
40	+	5	=	45
40	+	6	=	46
40	+	7	=	47
40	+	8	=	48
40	+	9	=	49
40	+	10	=	50

- ਇੱਕ ਡੱਬੀ ਵਿੱਚ 10 ਤੀਲੀਆਂ ਹਨ। ਤੀਲੀਆਂ ਦੀ ਕੁੱਲ ਗਿਣਤੀ ਡੱਬੇ ਵਿੱਚ ਲਿਖੋ–

		ਜਾਂ ☐ + ☐
		ਜਾਂ ☐ + ☐

■ ਹੇਠਾਂ ਦਿੱਤੇ ਗਏ 10 ਰੁਪਏ ਦੇ ਨੋਟਾਂ ਅਤੇ 1 ਰੁਪਏ ਦੇ ਸਿੱਕਿਆਂ ਦੇ ਕੁੱਲ ਕਿੰਨੇ ਰੁਪਏ ਬਣਦੇ ਹਨ, ਲਿਖੋ–

